# ਸਮਤਾ

ਸਤੰਬਰ 1982 (ਅੰਕ 28)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਤੰਬਰ 1982
ਮੁਲ—ਦੋ ਰੁਪਿਆ
28

ਸੰਪਾਦਕੀ

## ਆਜ਼ਾਦੀ ਦਿਨ—ਸਾਡਾ ਵੀ ਜੀ ਕਰਦੈ ਅਸੀਂ ਨਚੀਏ...

35 ਸਾਲ ਹੋਏ ਅਸੀਂ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਿਲ ਕੀਤੀ। ਆਪਣੇ ਹਿੰਦੋਸਤਾਨੀਆਂ ਨੇ ਇਸ ਦੇਸ਼ ਦੀ ਵਾਗ ਡੋਰ ਸਾਂਭੀ। ਉਸ ਵੇਲੇ ਕਿਹਾ ਗਿਆ ਕਿ ਇਹ ਆਜ਼ਾਦੀ ਅਸੀਂ ਅਹਿੰਸਾ ਦੇ ਸਿਧਾਂਤ ਥੱਲੇ ਬਗੈਰ ਲਹੂ ਡੋਲ੍ਹੇ ਲਈ। ਪੰਜਾਬੀਆਂ ਅਤੇ ਬੰਗਾਲੀਆਂ ਨੇ ਜੋ ਇਹਦੀ ਕੀਮਤ ਦਿਤੀ, ਦਿੱਤੀ ਲਾਲ ਕਿਲ੍ਹੇ ਤੇ ਰਾਸ਼ਟਰੀ ਭਵਨਾਂ ਤੇ ਤਰੰਗੇ ਲਹਿਰਾਉਣ ਦੇ ਸ਼ੋਰ ਵਿਚ ਭੁਲਾ ਦਿਤੀ ਗਈ। ਪਰ ਇਹ ਪੈਂਤੀ ਸਾਲ ਜੋ ਕੁਝ ਇਸ ਦੇਸ਼ ਤੇ ਬੀਤਿਆ ਹੈ, ਉਹ ਉਹਨਾਂ ਕੌੜੀਆਂ ਯਾਦਾਂ ਨੂੰ ਫੇਰ ਸਾਡੇ ਅਗੇ ਲਿਆ ਰਿਹਾ ਹੈ। ਕੀ ਹਜ਼ਾਰਾਂ ਦੇਸ਼ ਭਗਤਾਂ ਨੇ ਇਸ ਲਈ ਕੁਰਬਾਨੀਆਂ ਦਿਤੀਆਂ, ਕੀ ਲੱਖਾਂ ਲੋਕਾਂ ਨੂੰ ਇਸ ਲਈ ਘਰੋਂ ਬੇਘਰ ਕਰ ਦਿਤਾ ਗਿਆ ਜਾਂ ਹਜਾਰਾਂ ਧੀਆਂ ਭੈਣਾਂ ਦੀ ਇਜ਼ਤ ਦੀ ਬਲੀ ਇਸ ਲਈ ਦਿਤੀ ਗਈ ਸੀ ਕਿ ਇਹੋ ਜਿਹੀ ਆਜ਼ਾਦੀ ਮਿਲੇ ?

— ਇਸ ਦੇਸ਼ ਵਿਚ ਇਹੋ ਜਹੀ ਹਕੂਮਤ ਬਣੇ ਜਿਸ ਵਿਚ ਉਤੋਂ ਤੋਂ ਲੈ ਕੇ ਥੱਲੇ ਤਕ ਇਹੋ ਜਿਹਾ ਭ੍ਰਿਸ਼ਟਾਚਾਰ ਫੈਲ ਜਾਏ ਕਿ ਸਾਧਾਰਨ ਬੰਦਾ ਤਰਾਹ ਤਰਾਹ ਕਰੇ, ਚੀਕੇ, ਰੋਵੇ, ਹਾਹਾਕਾਰ ਕਰੇ ਪਰ ਉਹਦੀ ਕੋਈ ਸੁਣਵਾਈ ਨਾ ਹੋਵੇ ਤੇ ਬੜੇ ਢੀਠਾਂ ਵਾਕੁਨ ਸਾਡੀ ਪ੍ਰਧਾਨ ਮੰਤਰੀ ਇਸ ਅਮਲ ਨੂੰ ਅੱਜ ਦੀ ਦੁਨੀਆ ਦਾ ਸਾਧਾਰਨ ਅਮਲ ਜਾਂ ਵਿਸ਼ਵ ਵਿਆਪਕ ਅਮਲ ਕਹਿ ਕੇ ਇਸ ਬਾਰੇ ਚਿੰਤਾ ਦਾ ਇਕ ਸ਼ਬਦ ਵੀ ਉਚਾਰਨਾ ਜ਼ਰੂਰੀ ਨਾ ਸਮਝੇ।

— ਕ੍ਰੋੜਾਂ ਰੁਪਏ ਦੇ ਸਕੈਂਡਲ ਅਖਬਾਰ ਨਵੀਸਾਂ ਨੂੰ ਨੰਗੇ ਕਰਨੇ ਪੈਣ ਅਤੇ ਉਹਨਾਂ ਦੇ ਦੋਸ਼ੀ ਕੋਈ ਸਾਧਾਰਨ ਬੰਦੇ ਨਾ ਹੋਣ, ਸਗੋਂ ਦੇਸ਼ ਦੇ ਸਾਰਿਆਂ ਨਾਲੋਂ ਉੱਚੇ ਅਹੁਦਿਆਂ ਤੇ ਬੈਠੇ ਲੋਕ ਹੋਣ, ਕੇਂਦਰੀ ਮੰਤਰੀ ਹੋਣ ਅਤੇ ਹੇਰਾਫੇਰੀ ਦੀਆਂ ਫਾਈਲਾਂ ਪ੍ਰਧਾਨ ਮੰਤਰੀ ਦੇ ਘਰ ਲੁਕਣ-ਮੀਚੀ ਖੇਡ ਰਹੀਆਂ ਹੋਣ, ਕਦੀ ਲੱਭ ਪੈਣ ਤੇ ਕਦੀ ਗਵਾਚ ਜਾਣ।

— ਦੇਸ਼ ਦਾ ਕਾਨੂੰਨੀ ਢਾਂਚਾ ਇਸ ਤਰ੍ਹਾਂ ਬੁਰ੍ਹੀ ਤਰ੍ਹਾਂ ਤਹਿਸ਼ ਨਹਿਸ਼ ਹੋਵੇ ਕਿ ਦੇਸ਼ ਦੀਆਂ ਜੇਲ੍ਹਾਂ ਵਿਚ 2,20,146 ਕੈਦੀ ਹੋਣ ਅਤੇ ਉਹਨਾਂ ਵਿਚੋਂ 1,26,772 (ਅਧਿਓਂ ਵੱਧ) ਕੈਦੀ ਐਸੇ ਹੋਣ ਜਿਨ੍ਹਾਂ ਨੂੰ ਕਿਸੇ ਕਚੈਹਰੀ ਵਲੋਂ ਸਜ਼ਾ ਨਾ ਹੋਈ ਹੋਵੇ, ਸਿਰਫ ਜੁਰਮ ਦੇ ਸ਼ਕ ਵਿਚ ਅਤੇ ਮੁਕਦਮੇ ਦੀ ਉਡੀਕ ਵਿਚ ਉਹਨਾਂ ਨੂੰ ਸਾਲਾਂ ਬੱਧੀ ਜੇਲ੍ਹ ਵਿਚ ਹਵਾਲਾਤੀਆਂ ਦੇ ਤੌਰ ਤੇ ਹੀ ਰਖਿਆ ਹੋਵੇ।

— ਅਮਨ ਤੇ ਕਾਨੂੰਨ ਇਹੋ ਜਿਹਾ ਹੋਵੇ ਕਿ 1979-81 ਦੇ ਅਰਸੇ ਵਿਚ 28,596 ਬੰਦੇ ਲਾਪਤਾ ਹੋ ਗਏ ਹੋਣ (ਥਾਣਿਆਂ ਵਿਚ, ਪੁਲਸ ਮੁਕਾਬਲਿਆਂ ਵਿਚ ਜਾਂ ਹੋਰ ਕਤਲਾਂ ਵਿਚ)।

---

## ਇਸ ਅੰਕ ਵਿਚ :

ਸਾਹਿਤ ਬਾਰੇ ਪਛਾਣ : ਕਾ: ਸੋਹਣ ਸਿੰਘ ਜੋਸ਼
ਕਵਿਤਾਵਾਂ : ਤਿੰਨ ਹਿੰਦੀ ਕਵਿਤਾਵਾਂ, ਪ੍ਰੀਤਮ ਬੇਲੀ ਅਤੇ ਹਰਜੀਤ ਦੋਧਰੀਆ
ਕਹਾਣੀਆਂ : ਹਮਦਰਦਵੀਰ ਨੌਸ਼ਹਿਰਵੀ, ਗੁਰਨਾਮ ਸਿੰਘ
ਲੇਖ : ਸਮਾਜਕ ਯਥਾਰਥ ਤੇ ਪ੍ਰਗਤੀਵਾਦੀ ਸਾਹਿਤ ਰਾਮ ਪੁਰਾ ਫੂਲ ਦੀ ਕ੍ਰਾਂਤੀਕਾਰੀ ਸਾਹਿਤ ਸਭਾ ਦੀ ਗੋਸ਼ਟੀ ਵਿਚ ਪੜ੍ਹਿਆ ਜਾਣ ਵਾਲਾ ਸੁਰਿੰਦਰਜੀਤ ਸਾਗਰ ਦਾ ਅਹਿਮ ਲੇਖ
ਐਕਸੀਡੈਂਟ ਕਿ ਕਤਲ—ਪ੍ਰੋ: ਭਾਰਦਵਾਜ ਦਾ ਲੇਖ
ਅਤੇ
ਸੰਪਾਦਕੀ ਟਿਪਣੀਆਂ

— ਚਾਰ ਕਰੋੜ ਲੋਕ ਰੁਜ਼ਗਾਰ ਦੀ ਤਲਾਸ਼ ਵਿਚ ਸੜਕਾਂ ਤੇ ਰੁਲ ਰਹੇ ਹੋਣ।
— 40 ਕਰੋੜ ਲੋਕ ਭੁੱਖ ਮਰੀ ਦੇ ਪੱਧਰ ਥੱਲੇ ਜੀਂਦੇ ਹੋਣ।
— ਜੇਲ ਵਿਚ ਡੱਕੇ ਕੈਦੀਆਂ ਨੂੰ ਗਰਮ ਸਲਾਖਾਂ ਲਗਾ ਕੇ ਅੰਨ੍ਹਿਆਂ ਕੀਤਾ ਜਾ ਸਕਦਾ ਹੋਵੇ।
— ਪੁਲਸ ਥਾਨਿਆਂ ਵਿਚ ਬਲਾਤਕਾਰੀ ਤੋਂ ਲੈ ਕੇ ਕਤਲ ਤਕ ਦਾ ਹਰ ਜੁਰਮ ਬਿਨਾਂ ਰੋਕ ਟੋਕ ਕੀਤਾ ਜਾ ਸਕਦਾ ਹੋਵੇ।

15 ਅਗਸਤ ਲਾਲ ਕਿਲੇ ਤੋਂ ਬੋਲ ਰਹੀ ਪ੍ਰਧਾਨ ਮੰਤਰੀ ਨੂੰ ਇਹਨਾਂ ਉਪਰਲੀਆਂ ਗੱਲਾਂ ਵਿਚੋਂ ਕਿਸੇ ਗਲ ਦਾ ਫਿਕਰ ਨਹੀਂ ਸੀ। ਉਸ ਨੂੰ ਇਸ ਗੱਲ ਦਾ ਬੜਾ ਫਿਕਰ ਸੀ ਕਿ ਦੇਸ਼ ਵਿਚ ਧਰਮਾਂ ਦੇ ਨਾਂ ਤੇ, ਜ਼ਾਤਾਂ ਦੇ ਨਾਂ ਤੇ, ਬੋਲੀ ਦੇ ਨਾਂ ਤੇ ਵੱਖਵਾਦੀ ਰੁਝਾਣ ਪੈਦਾ ਹੋ ਰਹੇ ਹਨ, ਜਿਹਦੀ ਜ਼ਿੰਮੇਵਾਰੀ ਉਹ ਆਪਣੀ ਹਕੂਮਤ ਜਾਂ ਅਪਣੀ ਪਾਰਟੀ ਉਤੇ ਸੁੱਟਣ ਦੀ ਥਾਂ ਲੋਕਾਂ ਉਤੇ ਸੁੱਟ ਰਹੀ ਸੀ। ਅਪਣੀਆਂ ਪ੍ਰਾਪਤੀਆਂ ਦਸ ਰਹੀ ਸੀ ਕਿ ਦੇਸ਼ ਨੂੰ ਅਨਾਜ ਵਲੋਂ ਆਤਮ ਨਿਰਭਰ ਬਣਾਇਆ, ਪਰ ਜਿਨ੍ਹਾਂ ਨੇ ਇਹ ਅਨਾਜ ਪੈਦਾ ਕੀਤਾ, ਉਹਨਾਂ ਨਾਲ ਕਿਹੋ ਜਿਹੀ ਕੁੱਤਖਾਣੀ ਹੋ ਰਹੀ ਹੈ, ਉਹਦੇ ਬਾਰੇ ਉਹ ਚੁੱਪ ਸੀ। ਉਹਨਾਂ ਨੂੰ ਪੈਟਰੋਲ ਪੰਪਾਂ ਤੇ ਡੀਜ਼ਲ ਲਈ, ਸਰਕਾਰੀ ਡਿਪੂਆਂ ਤੇ ਖਾਦ ਲਈ, ਬਿਜਲੀ ਦੇ ਕਨੈਕਸ਼ਨਾਂ ਲਈ ਦਫਤਰਾਂ ਵਿਚ, ਅਨਾਜ ਵੇਚਣ ਲਈ ਮੰਡੀਆਂ ਵਿਚ ਕਿਸ ਤਰ੍ਹਾਂ ਰੁਲ੍ਹਣਾ ਪੈ ਰਿਹਾ ਹੈ, ਪ੍ਰਧਾਨ ਮੰਤਰੀ ਕੋਲ ਉਹਨਾਂ ਵਾਸਤੇ ਇਕ ਸ਼ਬਦ ਵੀ ਨਹੀਂ ਸੀ। ਉਹਨੂੰ ਵਾਰ ਵਾਰ ਅੰਦਰਲੇ ਤੇ ਬਾਹਰਲੇ ਦੁਸ਼ਮਣਾਂ ਦਾ ਫਿਕਰ ਸੀ। ਇਕ ਸ਼ਬਦ ਵੀ ਉਸ ਕੋਲ ਐਸਾ ਨਹੀਂ ਸੀ ਜੋ ਕ੍ਰੋੜਾਂ ਲੋਕਾਂ ਨੂੰ ਕੋਈ ਉਮੀਦ ਦਿਵਾ ਸਕੇ ਕਿ ਜੋ ਸਭ ਕੁਝ ਝੂਠ ਦਾ ਪਸਾਰਾ ਫੈਲਿਆ ਹੋਇਆ ਹੈ, ਉਹ ਦੂਰ ਕਰਨ ਲਈ ਕੋਈ ਯਤਨ ਕਰੇਗੀ।

ਉਸੇ ਦਿਨ ਸ਼ਾਮ 5 ਵਜੇ ਦੇ ਕਰੀਬ ਪੰਜਾਬ ਦੇ ਮੁਖ ਮੰਤਰੀ ਸ. ਦਰਬਾਰਾ ਸਿੰਘ, ਉਹਦੇ ਕੁਝ ਵਜ਼ੀਰ, ਤੇ ਕੁਝ ਐਮ. ਐਲ. ਏ. ਗੋਆ ਦੇ ਸ਼ਹੀਦ ਕਰਨੈਲ ਸਿੰਘ ਦੇ ਪਿੰਡ ਇਸੜੂ ਆਏ ਸਨ। ਇਹ ਲੋਕ 40 ਕਾਰਾਂ ਦਾ ਕਾਫਲਾ ਬਣਾ ਕੇ ਚੰਡੀਗੜ੍ਹ ਤੋਂ ਆਏ ਸਨ। ਅੱਗੇ ਪਿਛੇ ਸਿਕਿਉਰਟੀ ਦੀਆਂ ਗਡੀਆਂ ਸਨ। ਉਨ੍ਹਾਂ ਦੇ ਪੰਡਾਲ ਵਿਚ ਲੋਕ ਗਰਮੀ ਵਿਚ ਬੈਠੇ ਸਨ ਪਰ ਸਟੇਜ ਉਤੇ ਉਹਨਾਂ ਲਈ ਸਟੀਲ ਦੀਆਂ ਪਾਈਪਾਂ ਅਤੇ ਰਾਡਾਂ ਨਾਲ ਖਾਸ ਪ੍ਰਬੰਧ ਕਰਕੇ ਛੱਤ ਵਾਲੇ ਪੱਖੇ ਲਗਾਏ ਗਏ ਸਨ। ਉਹ ਆਏ ਤਾਂ ਸ਼ਹੀਦ ਨੂੰ ਸ਼ਰਧਾਂਜਲੀ ਦੇਣ ਪਰ ਉਹਨਾਂ ਕੋਲ ਲੋਕਾਂ ਵਾਸਤੇ ਗਿਲਿਆਂ ਦੇ ਸਿਵਾ ਕੁਝ ਨਹੀਂ ਸੀ। 'ਅਖੇ ਲੋਕ ਹਾਲੀ ਵੀ ਮੋਰਚੇ ਲਗਾਂਦੇ ਹਨ ਜਦ ਜਵਾਹਰ ਲਾਲ ਨਹਿਰੂ ਨੇ ਪੰਜਾਬ ਨੂੰ ਭਾਖੜਾ ਦਿਤਾ, ਇੰਦਰਾ ਬੀਬੀ ਨੇ ਪੰਜਾਬ ਨੂੰ ਥੀਮ ਡੈਮ ਦਿਤਾ।' ਪਰ ਪੰਜਾਬ ਨੇ ਕੇਂਦਰ ਜਾਂ ਦੇਸ਼ ਨੂੰ ਕੀ ਦਿਤਾ, ਉਹ ਇਹ ਦਸਣਾ ਵਾਰ ਵਾਰ ਵਾਰ ਭੁਲ ਰਹੇ ਸਨ। ਇਕ ਐਮ. ਐਲ. ਏ. ਸਾਹਬ ਉਠਿਆ ਉਹਨੇ ਸ਼ਕਾਇਤ ਕੀਤੀ ਕਿ ਉਹ ਇਕ ਦੌਰੇ ਤੇ ਰੂਸ ਗਿਆ ਸੀ ਤੇ ਉਹਨੇ 17 ਨਵੰਬਰ ਵਾਲਾ ਕੌਮੀ ਦਿਨ ਉਹਨਾਂ ਨੂੰ ਮਨਾਂਦੇ ਤੱਕਿਆ ਸੀ। ਘਰ ਘਰ ਉਤੇ ਕੌਮੀ ਝੰਡੇ ਲਹਿਰਾ ਰਹੇ ਸਨ। ਲੋਕ ਸੜਕਾਂ ਤੇ ਨਾਚ ਕਰ ਰਹੇ ਸਨ, ਪਰ ਇਥੇ ਕੁਝ ਲੋਕ ਆਜ਼ਾਦੀ ਵਾਲੇ ਦਿਨ ਵੀ ਕਾਲੇ ਝੰਡੇ ਲਹਿਰਾਂਦੇ ਹਨ। ਕਿਸੇ ਘਰ ਤੇ ਕੌਮੀ ਝੰਡਾ ਨਹੀਂ ਲਹਿਰਾਂਦਾ। ਨਾਚ ਕੀ ਕਰਨਾ ਏ ਸਗੋਂ ਰੋਹ ਭਰੇ ਵਖਾਵੇ ਕਰਦੇ ਹਨ।

ਹੁਣ ਇਹਨਾਂ ਭੱਦਰ ਪੁਰਸ਼ਾਂ ਨੂੰ ਕੌਣ ਸਮਝਾਵੇ ਕਿ ਸਾਡੇ ਲੋਕਾਂ ਦਾ ਦਿਲ ਵੀ ਕਰਦਾ ਹੈ ਕਿ ਉਹ ਆਪਣੇ ਘਰਾਂ ਤੇ ਝੰਡੇ ਲਹਿਰਾਉਣ, ਸੋਹਣੇ ਸੋਹਣੇ ਕਪੜੇ ਪਾ ਕੇ ਸੜਕਾਂ ਤੇ ਆਉਣ, ਇਕ ਦੂਜੇ ਨੂੰ ਗਲਵਕੜੀਆਂ ਪਾਉਣ ਅਤੇ ਖੁਲ੍ਹਾ ਨਾਚ ਨਚਣ ਪਰ ਇਹ ਉਦੋਂ ਹੀ ਹੋਵੇਗਾ ਜਦੋਂ ਆਜ਼ਾਦੀ ਦਾ ਦਿਨ ਉਹਨਾਂ ਲਈ ਅਸਲ ਸ਼ਬਦਾਂ ਵਿਚ ਮੁਕਤੀ ਦਾ ਦਿਨ ਹੋਵੇਗਾ। ਇਹ ਮੁਕਤੀ ਕਿਹੋ ਜਹੀ ਹੋਵੇਗੀ, ਇਹਦੀ ਰੂਪ ਰੇਖਾ ਇਸੜੂ ਵਿਚ ਹੀ ਇਕ ਹੋਰ ਸਮਾਗਮ ਵਿਚ ਦਸੀ ਜਾ ਰਹੀ ਸੀ ਜੋ ਕਾਂਗਰਸ ਵਾਲੇ ਜਲਸੇ ਤੋਂ ਕੁਝ ਵਿੱਥ ਤੇ ਹੀ ਹੋ ਰਿਹਾ ਸੀ। ਇਲਾਕੇ ਦੀ ਸ਼ਹੀਦ ਯਾਦਗਾਰ ਕਮੇਟੀ ਵਲੋਂ ਸੱਦੇ ਗਏ ਇਸ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ ਇਲਾਕੇ ਦੇ ਲੋਕ ਜਥੇਬੰਦੀਆਂ ਦੇ ਆਗੂ, ਕਿਸਾਨਾਂ ਦੇ ਆਗੂ, ਮਜ਼ਦੂਰਾਂ ਦੇ ਆਗੂ, ਜਿਹੜੇ ਇਲਾਕੇ ਦੇ ਖੱਬੀ ਖਾਨ੍ਹਾਂ ਨਾਲ ਟੱਕਰ ਲੈਂਦੇ ਹਨ। ਜਬਰ ਜਿਨਾਹ ਕਰਨ ਵਾਲੇ ਅਮੀਰਾਂ ਦੇ ਕਾਕਿਆਂ ਨੂੰ ਨੱਥ ਪਾਉਂਦੇ ਹਨ। ਜਿਹੜੇ ਹਾਕਮਾਂ ਦੇ ਹਰ ਜੱਬਰ ਨੂੰ ਆਪਣੇ ਸਰੀਰਾਂ ਤੇ ਸਹਿੰਦੇ ਹਨ। ਇਸ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ, ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ ਜੀ ਜੋ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਦੀ ਪ੍ਰੀਭਾਸ਼ਾ ਇਹਨਾਂ ਸ਼ਬਦਾਂ ਵਿਚ ਦਸ ਰਹੇ ਸਨ—ਉਹੀ ਆਜ਼ਾਦੀ ਅਸਲ ਸ਼ਬਦਾਂ ਵਿਚ ਲੋਕਾਂ ਲਈ ਮੁਕਤੀ ਸਾਬਤ ਹੋਵੇਗੀ। ਜਿਥੇ ਦੇਸ਼ ਦੀ ਅਮੀਰੀ ਅਤੇ ਗਰੀਬੀ ਦੇਸ਼ ਦੇ ਲੋਕਾਂ ਵਿਚ ਬਰਾਬਰ ਦੀ ਵੰਡੀ ਜਾਏਗੀ। ਇਹ ਆਜ਼ਾਦੀ ਹਾਸਿਲ ਕਿਸ ਤਰ੍ਹਾਂ ਕੀਤੀ ਜਾਏਗੀ? ਕੌਣ ਇਹ ਹਾਸਿਲ ਕਰੇਗਾ? ਉਹਦਾ ਜਵਾਬ ਵੀ ਪ੍ਰਤੱਖ ਮਿਲ ਰਿਹਾ ਸੀ—ਉਹ ਉਹੀ ਲੋਕ ਕਰਨਗੇ ਜੋ ਇਸ ਨਿਜ਼ਾਮ ਨਾਲ ਕੋਈ ਸਮਝੌਤਾ ਨਹੀਂ ਕਰਦੇ ਤੇ ਇਸ ਨੂੰ ਬਦਲਣ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹਨ—ਸਰਾਭੇ ਦੇ ਵਾਰਿਸ, ਭਗਤ ਸਿੰਘ ਦੇ ਵਾਰਿਸ, ਕਰਨੈਲ ਸਿੰਘ ਦੇ ਵਾਰਿਸ।

ਸਾਡਾ ਵੀ ਦਿਲ ਕਰਦਾ ਹੈ ਅਸੀਂ ਨਚੀਏ ਤੇ ਸਾਡਾ ਯਕੀਨ ਹੈ ਕਿ ਅਸੀਂ ਜ਼ਰੂਰ ਨਚਾਂਗੇ—ਅਸਲੀ ਆਜ਼ਾਦੀ ਵਾਲੇ ਦਿਨ......।

ਗੁਰਸ਼ਰਨ ਸਿੰਘ

# ਸਾਹਿਤ ਵਿਚ ਅਗੇ ਵਧੂ 'ਨਿਰਣਾ'

○

ਸੋਹਣ ਸਿੰਘ ਜੋਸ਼

ਸਾਥੀ ਸੋਹਣ ਸਿੰਘ ਜੋਸ਼ 29 ਜੁਲਾਈ 1982 ਸਾਡੇ ਤੋਂ ਵਿਛੜ ਗਏ। ਇਕ ਲੰਮਾ ਸੰਘਰਸ਼ਮਈ ਜੀਵਣ ਉਹਨਾਂ ਨੇ ਜੀਵਿਆ। ਸਮਾਜ, ਸਾਹਿਤ ਅਤੇ ਰਾਜਨੀਤੀ ਫਲਸਫੇ ਬਾਰੇ ਉਹਨਾਂ ਦੀਆਂ ਲਿਖਤਾਂ ਹਮੇਸ਼ਾ ਸਾਡਾ ਧਿਆਨ ਖਿਚਦੀਆਂ ਰਹੀਆਂ। ਉਨ੍ਹਾਂ ਨੂੰ ਹਮੇਸ਼ਾ ਇਹ ਮਾਨ ਰਿਹਾ ਹੈ ਕਿ ਉਹ ਕਮਿਊਨਿਸਟ ਪਾਰਟੀ (ਸੀ. ਪੀ. ਆਈ.) ਦੇ ਵਫ਼ਾਦਾਰ ਸਿਪਾਹੀ ਰਹੇ ਹਨ। ਉਨ੍ਹਾਂ ਦੀ ਪਾਰਟੀ ਨਾਲ ਬਹੁਤ ਸਾਰੇ ਮਤਭੇਦ ਹੁੰਦਿਆਂ ਹੋਇਆਂ ਵੀ ਸਾਨੂੰ ਹਮੇਸ਼ਾ ਇਹ ਮਾਨ ਰਿਹਾ ਹੈ ਕਿ ਉਹ ਕਹਿਣੀ ਤੇ ਕਰਨੀ ਦੇ ਮਾਲਕ ਸੱਚੇ ਸੁੱਚੇ ਕਮਿਊਨਿਸਟ ਹਨ। ਅਸੀਂ ਅਦਾਰਾ 'ਸਮਤਾ' ਵਲੋਂ ਉਹਨਾਂ ਨੂੰ ਆਪਣੀ ਸ਼ਰਧਾਂਜਲੀ ਸਾਹਿਤ ਬਾਰੇ ਉਨ੍ਹਾਂ ਦੇ ਵਿਚਾਰ ਛਾਪਕੇ ਦੇ ਰਹੇ ਹਾਂ। —ਸੰਪਾਦਕ

ਪੰਜਾਬੀ ਦੇ ਅਜਵੇਂ ਸਾਹਿਤ ਦਾ ਮੁਖ ਮੁਹਾਣ ਅਗੇ-ਵਧੂ ਹੈ। ਪਿਛੇ ਖਿਚੂ ਨਹੀਂ। ਅਜਵੀਂ ਛੋਟੀ ਕਹਾਣੀ ਪੜੋ ਭਾਵੇਂ ਕਵਿਤਾ, ਨਾਟਕ ਪੜੋ ਜਾਂ ਨਾਵਲ, ਤੁਹਾਨੂੰ ਇਸ ਵਿਚੋਂ ਲੋਕਾਂ ਲਈ ਡੁਲ੍ਹ ਡੁਲ੍ਹ ਪੈਂਦਾ ਪਿਆਰ ਮਿਲੇਗਾ, ਲੋਕਾਂ ਦੀਆਂ ਮੰਗਾਂ, ਉਮੰਗਾਂ ਤੇ ਸਧਰਾਂ ਦਾ ਚਿਤਰਨ ਮਿਲੇਗਾ ਅਤੇ ਸੋਹਣਾ ਭਵਿਖ ਵਜੂਦ ਵਿਚ ਲਿਆਉਣ ਦੀ ਤਾਂਘ ਤੇ ਲਾਲਸਾ ਮਿਲੇਗੀ। ਅਜ ਦਾ ਸਾਹਿਤ ਧਰਤੀ ਦੀਆਂ ਗੱਲਾਂ ਕਰਦਾ ਹੈ। ਪਰਲੋਕ ਦੀਆਂ ਨਹੀਂ, ਮਨੁਖ ਤੇ ਉਸ ਦੇ ਹਾਵਾਂ ਭਾਵਾਂ ਦੀ ਚਰਚਾ ਕਰਦਾ ਹੈ। ਮਨੁਖ ਦੀਆਂ ਸਮਸਿਆਵਾਂ ਨਾਲ ਦੋ ਦੋ ਹੱਥ ਕਰਦਾ ਹੈ। ਐਵੇਂ ਖਿਆਲੀ ਜਾਂ ਹਵਾਈ ਕਿਲੇ ਨੂੰ ਨਹੀਂ ਉਸਾਰਦਾ।

ਪਰ ਅਗੇ ਵਧੂ ਮੁਹਾਣ ਅਜ ਦੇ ਸਾਹਿਤ ਦਾ ਮੁਖ ਮੁਹਾਣ ਹੈ, ਇਕਲਾ ਮੁਹਾਣ ਨਹੀਂ। ਸਾਡੇ ਸਾਹਿਤ ਵਿਚ ਪਿਛੇ-ਖਿਚੂ ਝੁਕਾਅ ਵੀ ਮੌਜੂਦ ਹਨ ਜਿਹੜੇ ਪੁਰਾਤਨਵਾਦ ਅਧਿਆਤਮਵਾਦ ਛਾਇਆਵਾਦ ਆਦਿ ਦੀ, ਕਿਸੇ ਨਾ ਕਿਸੇ ਸ਼ਕਲ ਵਿਚ, ਜੱਦ ਵਿਚੋਂ ਹਨ। ਇਹਨਾਂ ਦਾ ਥੋੜਾ ਜ਼ਿਕਰ ਅਸੀਂ ਅਗੇ ਕਿਸੇ ਲੇਖ ਵਿਚ ਕਰਾਂਗੇ।

ਅਗੇ-ਵਧੂ ਝੁਕਾਅ ਸਾਨੂੰ, ਭੂਤ ਤੋਂ ਵਿਰਸੇ ਵਿਚ ਮਿਲਿਆ ਹੈ। ਜਿਹੜੇ ਸੱਜਣ ਇਹ ਸਮਝਦੇ ਹਨ ਕਿ ਪੰਜਾਬੀ ਸਾਹਿਤ ਦੇ ਪੁਰਾਣੇ ਇਤਿਹਾਸ ਵਿਚ ਅਗੇ-ਵਧੂ ਝੁਕਾਅ ਮੌਜੂਦ ਹੀ ਨਹੀਂ, ਉਹ ਗਲਤੀ ਕਰਦੇ ਹਨ। ਝੁਕਾਅ ਦੇ ਤੌਰ ਤੇ ਇਹ ਮੌਜੂਦ ਰਿਹਾ ਹੈ, ਪਰ ਮੁਖ ਝੁਕਾਅ ਕਦੇ ਨਹੀਂ ਬਣਿਆ, ਨਾ ਬਣ ਹੀ ਸਕਦਾ ਹੈ ਕਿਉਂਕਿ ਉਸ ਵੇਲੇ ਦੇ ਇਤਿਹਾਸਕ ਹਾਲਤ ਹੀ ਅਜਿਹੇ ਸਨ।

ਸਾਡਾ ਪੁਰਾਣਾ ਢੇਰ ਸਾਰਾ ਪੰਜਾਬੀ ਸਾਹਿਤ ਸੰਗਰਾਮੀ ਸਾਹਿਤ ਹੈ। ਇਹ ਮਰ ਚੁਕੇ, ਬੋਦੇ-ਥੋਥੇ ਤੇ ਵਕਤ-ਟਪ-ਚੁਕੇ ਰਿਵਾਜਾਂ ਤੇ ਅਡੰਬਰਾਂ ਦੇ ਖਿਲਾਫ ਜਹਾਦ ਕਰਦਾ ਹੈ, ਜ਼ਾਤਪਾਤ ਤੇ ਗਰਬ ਨੂੰ ਭੰਡਦਾ ਹੈ ਨੀਚ ਉਚ ਦੇ ਭਿੰਨ ਭੇਦ ਦੇ ਵਿਰੁਧ ਆਵਾਜ਼ ਉਠਾਉਂਦਾ ਹੈ। ਮੂਰਤੀ ਪੂਜਾ ਦੀ ਨਿੰਦਿਆ ਕਰਦਾ ਹੈ ਅਤੇ ਇਸਤਰੀ ਨੂੰ ਸੂਦਰ ਦਾ ਦਰਜਾ ਦੇਣ ਦੇ ਖਿਲਾਫ ਰੋਸ ਪ੍ਰਗਟ ਕਰਦਾ ਹੈ।

ਇਹੋ ਹੀ ਨਹੀਂ, ਗੁਰੂ ਨਾਨਕ ਦੇ ਜ਼ਮਾਨੇ ਵਿਚ ਇਹ ਸਾਹਿਤ ਰਾਜਿਆਂ ਨੂੰ ਸ਼ੀਂਹ (ਜ਼ਾਲਮ) ਤੇ ਮੁਕਦਮਾ (ਅਹਿਲਕਾਰਾਂ) ਨੂੰ ਕੁਤੇ ਆਖਣ ਲਗ ਪਿਆ ਹੈ। ਜ਼ਿੰਦਗੀ ਵਿਚ ਵਧ ਰਹੇ ਭਰਿਸ਼ਟਾਚਾਰ ਦੇ ਵਿਰੁਧ ਬੜੇ ਕਰੜੇ ਸ਼ਬਦਾਂ ਵਿਚ ਨਫਰਤ ਪਰਗਟ ਕਰਨ ਲਗ ਪਿਆ ਹੈ ਅਤੇ ਪਰਾਏ ਹਕ ਤੇ ਡਾਕੇ ਮਾਰਨ ਵਾਲਿਆਂ ਨੂੰ (ਗਊ ਨਾ ਖਾਓ, ਸੂਰ ਨਾ ਖਾਓ) ਦੀ ਤਾੜਨਾ ਕਰਨ ਲਗ ਪਿਆ ਹੈ। ਹੋਰ ਸੰਤਾਂ ਤੇ ਭਗਤਾਂ ਨਾਲੋਂ ਗੁਰੂ ਨਾਨਕ ਦੀ ਰਚਨਾ ਵਿਚ ਅਗੇ ਵਧੂ ਝੁਕਾਅ ਬੜਾ ਉਘੜ ਕੇ ਵਿਖਾਈ ਦਿੰਦਾ ਹੈ।

ਏਹੋ ਹੀ ਨਹੀਂ, ਪਹਿਲੀ ਵਾਰ, ਉਸ ਵੇਲੇ, ਭਾਰਤੀਅਤਾ (ਪੰਜਾਬੀਅਤਾ) ਦਾ ਕੁਛ ਕੁਛ ਇਹਸਾਸ ਹੋਣਾ ਸ਼ੁਰੂ ਹੁੰਦਾ ਹੈ। ਬਦੇਸ਼ੀ ਭਾਸ਼ਾ ਤੋਂ ਬਦੇਸ਼ੀ ਰਹਿਤ ਬਹਿਤ ਧਾਰਨ ਕਰਨ ਵਾਲਿਆਂ ਨੂੰ ਗੁਰੂ ਨਾਨਕ ਜੀ ਬੜੇ ਰੋਹ ਵਿਚ ਆ ਕੇ ਆਖਦੇ ਹੋਨ :—ਕਿਉਂ "ਮਲੇਛ ਭਾਖਿਆ" ਗਰਹਿਣ ਕਰੀ ਜਾਂਦੇ ਹੋ ? ਕਿਉਂ "ਮੀਆਂ ਮੀਆਂ ਦੀ ਅਵਰ ਬੋਲੀ" ਨਾਲ ਦੂਜਿਆਂ ਨੂੰ ਸੰਬੋਧਨ ਕਰਨ ਲਗ ਪਏ ਹੋ ਅਤੇ ਉਹਨਾਂ ਦੀ ਰਹਿਤ ਬਹਿਤ ਧਾਰਨ ਕਰੀ ਜਾਂਦੇ ਹੋ ? ਕੀ ਤੁਹਾਡੀ ਆਪਣੀ ਬੋਲੀ ਨਹੀਂ ? ਤੁਹਾਡੀ ਪਰੰਪਰਾ ਨਹੀਂ ? ਆਪਣੀ ਰਹਿਣ ਬਹਿਣ ਨੂੰ ਤਿਲਾਂਜਲੀ ਨਾ ਦਿਓ। ਕੁਝ ਹੋਸ਼ ਤੋਂ ਕੰਮ ਲਓ।

ਇਹ ਸਭ ਕੁਝ ਗੁਰੂ ਨਾਨਕ ਜੀ ਆਪਣੀ ਰਚਨਾ ਵਿਚ ਜਿਵੇਂ ਭਾਰਤ ਦੇ ਲੋਕਾਂ ਨੂੰ ਆਖਦੇ ਜਾਪ

ਰਹੇ ਹਨ ।

ਇਹਨਾਂ ਸ਼ਬਦਾਂ ਵਿਚ ਭਾਰਤੀਅਤਾ(ਪੰਜਾਬੀਅਤਾ) ਦਾ ਪਹਿਲਾ ਹੌਲਾ ਜਿਹਾ ਅਹਿਸਾਸ ਨਜ਼ਰ ਆਉਂਦਾ ਹੈ । ਇਹ ਸਭ ਕੁਛ ਮੋਟੇ ਤੌਰ ਤੇ ਸਾਡੇ ਸਾਹਿਤ ਵਿਚ ਅਜ ਵੀ ਅਗੇ ਵਧੂ ਹੈ ।

ਪਰ ਸਾਡੇ ਪੁਰਾਣੇ ਸਾਹਿਤ ਦਾ ਮੁਖ-ਮੁਹਾਣ ਪਿਛੇ-ਖਿਚੂ ਹੈ ਅਗੇ ਵਧੂ ਨਹੀਂ । ਭਾਵੇਂ ਇਸ ਵਿਚ, ਜਿਵੇਂ ਕਿ ਅਸਾਂ ਉਤੇ ਵੇਖਿਆ ਹੈ, ਅਗੇ ਵਧੂ ਤਤ ਮੌਜੂਦ ਹਨ ।

ਛਾਣ ਬੀਣ ਕੀਤਿਆਂ ਸਾਨੂੰ, ਮੋਟੇ ਤੌਰ ਤੇ, ਆਪਣੇ ਪੁਰਾਣੇ ਸਾਹਿਤ ਵਿਚੋਂ ਇਹ ਪਿਛਾਂਹ ਖਿਚੂ ਤਤ ਉਘੜ ਕੇ ਨਜ਼ਰ ਆਉਂਦੇ ਹਨ :—

(1) ਮਨੁਖ ਹੋਣੀ ਦੀ, ਪਰਾਲਭਦ ਦੀ ਕਠ-ਪੁਤਲੀ ਹੈ । (ਹੋਣੀ ਜਾਂ ਪਰਾਲਭਧ ਮਨੁਖ ਦੀ ਕਠ-ਪੁਤਲੀ ਨਹੀਂ) ।

(2) ਜੋ ਕੁਝ, ਵਿਧਾਤਾ ਨੇ ਲਿਖਿਆ ਹੈ, ਉਸ ਵਿਚ ਤਿਲ ਭਰ ਵੀ ਵਾਧਾ ਘਾਟਾ ਨਹੀਂ ਹੋ ਸਕਦਾ ।

(3) ਜੋ ਕੁਝ ਮਿਲਿਆ ਹੈ ਉਸ ਉਤੇ ਸੰਤੋਖ ਕਰਨਾ (ਸ਼ਾਕਰ ਰਹਿਣਾ) ਚਾਹੀਦਾ ਹੈ । ਮਿੱਸਾ ਤਿੱਸਾ ਖਾ ਕੇ ਗੁਜ਼ਾਰਾ ਕਰਨਾ ਚਾਹੀਦਾ ਹੈ ।

(4) ਸਮਰੱਥ ਜੋ ਵੀ ਕਰੇ, ਉਸ ਨੂੰ ਕੋਈ ਦੋਸ਼ ਨਹੀਂ ਹੁੰਦਾ ।

(5) ਨੀਚ ਊਚ, ਵੱਡੇ ਛੋਟੇ ਪਿਛਲੇ ਕੀਤੇ ਕਰਮਾਂ ਦਾ ਫਲ ਹਨ ।

(6) ਵਰਤਮਾਨ ਜਾਂ ਅੱਗਾ ਨਹੀਂ, ਪਿਛਾ ਸੋਹਣਾ ਤੇ ਸੁਨਹਿਰੀ ਸੀ ।

(7) ਸੁਖ ਮਾਤ ਲੋਕ ਵਿਚ ਨਹੀਂ, ਪਰਲੋਕ ਵਿਚ ਮਿਲੇਗਾ ।

ਮੈਂ ਨਹੀਂ ਆਖ ਰਿਹਾ ਕਿ ਇਹ ਪਿਛਾਂਹ-ਖਿਚੂ ਤੱਤ ਹਮੇਸ਼ਾ ਹੀ ਪਿਛਾਂਹ-ਖਿਚੂ ਸਨ । ਹੋ ਸਕਦਾ ਹੈ ਇਹਨਾਂ ਵਿਚੋਂ ਕਿਸੇ ਤਤ ਨੇ ਇਤਿਹਾਸ ਦੇ ਇਕ ਦੌਰ ਵਿਚ ਅਗੇ ਵਧੂ ਰੋਲ ਅਦਾ ਕੀਤਾ ਹੋਵੇ ਅਤੇ ਅਗਲੇ ਦੌਰ ਵਿਚ ਪਿਛਾਂਹ ਖਿਚੂ ਬਣ ਗਿਆ ਹੋਵੇ । ਹੋ ਸਕਦਾ ਹੈ ਕਿ ਕੋਈ ਤੱਤ ਦੋ ਤਿੰਨਾਂ ਦੌਰਾਂ ਵਿਚ ਅਗੇ-ਵਧੂ ਰਿਹਾ ਹੋਵੇ । ਅੱਜ ਦੀ ਡਿੱਠ ਅਤੇ ਜਾਚ ਨਾਲ ਇਹ ਸਾਰੇ ਹੀ ਤਤ ਪਿਛਾਂਹ-ਖਿਚੂ ਹਨ ਅਤੇ ਸਮਾਜ ਦੇ ਵਿਗਾਸ਼ ਤੇ ਪ੍ਰਗਾਸ਼ ਦੇ ਰਾਹ ਵਿਚ ਰੋੜਾ ਬਣ ਗਏ ਹਨ । ਇਸ ਅਗੇ ਵਧੂ ਜਾਂ ਪਿਛੇ ਖਿਚੂ ਸਾਹਿਤ ਦਾ ਨਿਰਣਾ ਉਸ ਵੇਲੇ ਦੀ ਹਾਲਤ ਨੂੰ ਲਾਂਭੇ ਰੱਖ ਕੇ ਨਹੀਂ ਕੀਤਾ ਜਾ ਸਕਦਾ ।

ਸਾਰਿਆਂ ਨੇ ਮਰ ਜਾਣਾ ਹੈ । ਸਾਰਿਆਂ ਨੇ ਗੋਰ ਜਾਂ ਸ਼ਮਸ਼ਾਨ ਭੂਮੀ ਵਿਚ ਚਲੇ ਜਾਣਾ ਹੈ । ਮੌਤ ਤੇ ਗੋਰ ਸਾਰਿਆਂ ਨੂੰ ਕਿਸੇ ਜ਼ਮਾਨੇ ਵਿਚ; ਅਗੇ ਵਧੂ ਹੋਣ ਅਤੇ ਵਡਿਆਂ ਦੇ ਛੋਟਿਆਂ ਉਤੇ ਜ਼ੁਲਮ ਰੋਕਣ ਵਿਚ ਕੁਝ ਸਹਾਈ ਹੋਏ ਹੋਣ । ਜਾਂ ਨਰਕ ਵਿਚ ਦਿਤੇ ਜਾਣ ਵਾਲੇ ਤਸੀਹਿਆਂ ਦੇ ਖੌਫ ਨੂੰ ਲਓ । ਹੋ ਸਕਦਾ ਹੈ ਕਿ ਇਸ ਨੇ ਕਿਸੇ ਸਮੇਂ ਹਾਕਮਾਂ ਨੂੰ ਭੈੜੇ ਕਰਮਾਂ ਤੋਂ ਕਿਸੇ ਹਦ ਤਕ ਰੋਕਿਆ ਹੋਵੇ, ਪਰ ਅਜ ਇਨ੍ਹਾਂ ਡਰਾਵਿਆਂ ਦੀ ਕੋਈ ਕੀਮਤ ਨਹੀਂ ਰਹਿ ਗਈ ।

ਇਕ ਵੇਲੇ ਮਜ਼ਹਬ ਦੀ ਵਿਚਾਰ-ਧਾਰਾ ਅਗੇ-ਵਧੂ ਵਿਚਾਰ ਧਾਰਾ ਸੀ । ਲੋਕਾਂ ਦੀ ਪੀੜ ਨੂੰ ਲੈ ਕੇ ਉਠੀ ਸੀ । ਪਰ ਪਿਛੋਂ ਇਹ ਵਿਚਾਰ ਧਾਰਾ ਲੋਕਾਂ ਨੂੰ ਗੁਲਾਮ ਬਣਾਈ ਰੱਖਣ ਲਈ ਹਾਕਮ ਸ਼ਰੇਣੀ ਦਾ ਹਥਿਆਰ ਬਣ ਗਈ ਅਤੇ ਪਿਛੇ-ਖਿਚੂ ਬਣ ਗਈ । ਜਾਂ ਸਾਰੇ ਮਨੁੱਖਾਂ ਵਿਚ ਆਤਮਾ ਵੇਖਣ ਦੇ ਵਿਚਾਰ ਨੂੰ ਲਓ । ਇਹ ਵਿਚਾਰ ਕਿਸੇ ਵੇਲੇ ਮਨੁੱਖਾਂ ਦੀ ਬਰਾਬਰੀ ਦਾ ਵਿਚਾਰ ਸੀ, ਇਸ ਲਈ ਅਗੇ-ਵਧੂ ਸੀ । ਪਰ ਪਿਛੋਂ ਅਮਲ ਵਿਚ ਇਹ ਪਿਛਾਂਹ-ਖਿਚੂ ਬਣ ਗਿਆ । ਹਾਕਮ ਸ਼ਰੇਣੀ ਨੂੰ ਏਹੋ ਜਿਹੀ ਬਰਾਬਰੀ ਮਨਜ਼ੂਰ ਨਹੀਂ ਸੀ ।

'ਸੱਚੇ ਮਜ਼ਹਬਾਂ ਦੇ ਦਾਅਵੇਦਾਰਾਂ ਨੇ ਜੰਗਾਂ ਕਰਕੇ ਕਤਲਾਮਾਂ ਤੇ ਤਬਾਹੀਆਂ ਮਚੌਣੀਆਂ ਸ਼ੁਰੂ ਕਰ ਦਿਤੀਆਂ । ਪੂਜਾ ਓ ਨਮਾਜ਼ ਓਹੀ, ਦਿਹੁਰਾ ਓ ਮਸੀਤ ਓਹੀ, ਦਾ ਅਗੇ ਵਧੂ ਵਿਚਾਰ ਅਗੇ ਆਇਆ ।

ਇਹ ਵਿਸ਼ਾ ਵਧੇਰੇ ਡੂੰਘਾ ਅਧਿਅਨ ਮੰਗਦਾ ਹੈ । ਇਸ ਲਈ ਮੈਂ ਇਸ ਨੂੰ ਏਥੇ ਹੀ ਛੱਡਦਾ ਹਾਂ ।

ਪਰ ਇਹ ਗੱਲ ਸਾਫ ਹੈ ਕਿ ਉਤਲੇ ਪਿਛਾਂਹ ਖਿਚੂ ਤਤ ਇਸ ਲਈ ਪਿਛਾਂਹ-ਖਿਚੂ ਹਨ ਹਨ ਕਿ ਇਹ ਜਾਨ ਤੋੜ ਰਹੀ ਜਗੀਰੂ ਵਿਚਾਰਧਾਰਾ ਦੇ ਪ੍ਰਚਾਰਕ ਹਨ ਅਤੇ ਮਨੁੱਖ ਨੂੰ ਨਿਕਾਰਾ ਤੇ ਨਿਹੱਥਾ ਕਰਦੇ ਹਨ ਅਤੇ ਸਮਾਜ ਅੰਦਰ ਕੋਈ ਵੀ ਚੰਗੀ ਤਬਦੀਲੀ ਲਿਆਉਣ ਦੇ ਵਿਰੁਧ ਹਨ । ਇਹ ਸਮਾਜ ਨੂੰ ਉਵੇਂ ਦਾ ਉਵੇਂ ਹੀ, ਜਿਵੇਂ ਕਿ ਉਸ ਵੇਲੇ ਸੀ, ਰੱਖਣ ਦੀ ਹਮਾਇਤ ਕਰਦੇ ਹਨ । ਇਸ ਵਿਚਾਰਧਾਰਾ ਦੇ ਅਸਰ ਥਲੇ ਆ ਕੇ ਸਮਾਜ ਵਿਚ ਕੋਈ ਚੰਗੀ ਤਬਦੀਲੀ ਲਿਆਉਣ ਦਾ ਖਿਆਲ ਜਾਂ ਸਵਾਲ ਹੀ ਨਹੀਂ ਪੈਦਾ ਹੁੰਦਾ, ਤਬਦੀਲੀ ਲਈ ਸੰਗਰਾਮ ਕਰਨ ਦਾ ਖਿਆਲ ਪੈਦਾ ਹੋਣਾ ਤਾਂ ਦੂਰ ਦੀ ਗਲ ਹੈ ।

ਇਹ ਪਿਛਾਂਹ-ਖਿੱਚੂ ਤੱਤ ਹਾਕਮ ਸ਼ਰੇਣੀ ਦੇ ਤੇਜ ਪ੍ਰਤਾਪ ਨੂੰ ਸ਼ਲਾਘਾ ਕਰਕੇ ਏਥੋਂ ਤਕ ਲੈ ਗਏ ਹਨ ਕਿ ਹਾਕਮ ਜੋ ਚਾਹੁਣ ਲੋਕਾਂ ਉਤੇ ਜ਼ੁਲਮ, ਤਸ਼ੱਦਦ ਜਾਂ ਅਨਿਆਂ ਕਰਨ । ਉਹ ਸਮਰਥ ਹਨ । ਉਹਨਾਂ ਨੂੰ ਕੋਈ ਦੋਸ਼ ਨਹੀਂ ਪੋਂਹਦਾ । ਲੋਕਾਂ ਨੂੰ ਸਿਰ ਸੁਟ ਕੇ, ਪਸ਼ੂਆਂ ਵਾਂਗ, ਇਹ ਸਭ ਕੁਝ ਝੱਲੀ ਜਾਣਾ ਚਾਹੀਦਾ ਹੈ

ਅਤੇ ਉਨ੍ਹਾਂ ਸਾਹਮਣੇ ਅਗੋਂ ਕਦੇ ਵੀ ਉਭਾਸਰਨਾ ਨਹੀਂ ਚਾਹੀਦਾ । ਇਸ ਦੁਨੀਆਂ ਵਿਚ ਇਨਸਾਨ; ਇਨਸਾਨ ਨਹੀਂ, ਹੋਣੀ ਜਾਂ ਪ੍ਰਾਲਭਦਾ ਦਾ ਖਿਡੌਣਾ ਹੈ। ਉਸ ਨੂੰ ਜੋ ਕੁਝ ਵੀ ਮਿਲਦਾ ਹੈ, ਉਸੇ ਉਤੇ ਸ਼ਾਕਰ ਰਹਿਣਾ ਚਾਹੀਦਾ ਹੈ। ਸੁਖਾਂ ਦੀ ਆਸ ਧਰਤੀ ਉਤੇ ਨਹੀਂ, ਅਸਮਾਨਾਂ ਉਤੇ, ਪਰਲੋਕ ਵਿਚ ਰਖਣੀ ਚਾਹੀਦੀ ਹੈ ।

ਇਹ ਸਾਰੇ ਤੱਤ ਵਧੇਰੇ ਕਰਕੇ ਪਰਲੋਕ ਮੁਖੀ ਹਨ, ਮਾਤ ਲੋਕ-ਮੁਖੀ ਨਹੀਂ । ਇਹ ਸਾਰੇ ਤੱਤ ਅਧਿਆਤਮਕ, ਆਦਰਸ਼ਵਾਦ ਨਾਲ ਸਬੰਧ ਰਖਦੇ ਹਨ, ਮਨੁਖਵਾਦ ਨਾਲ ਨਹੀਂ ।

ਪਰ ਪੁਰਾਣੇ ਸਾਹਿਤ ਵਿਚ, ਜਿਵੇਂ ਕਿ ਅਸਾਂ ਪਹਿਲੇ ਕਿਹਾ ਹੈ, ਚੰਗੇ ਨਿਰੋਏ ਅਗੇ-ਵਧੂ ਤੱਤ ਮੌਜੂਦ ਹਨ, ਜਿਹੜੇ ਕਿ ਸਾਨੂੰ ਵਿਰਸੇ ਵਿਚ ਮਿਲੇ ਹਨ। ਇਹ ਵਿਰਸਾ ਮਮੂਲੀ ਨਹੀਂ ਬੜਾ ਵਡਮੁਲਾ ਹੈ। ਕਿਉਂਕਿ ਇਹ ਮਨੁਖਵਾਦੀ ਵਿਰਸਾ ਹੈ ਜਿਸ ਨੂੰ ਅੱਜ ਹੋਰ ਉਨਤ ਕਰਨ ਤੇ ਵਿਗਸੌਣ ਦੀ ਲੋੜ ਹੈ। ਸਾਡੇ ਪੁਰਾਣੇ ਸਾਹਿਤ ਵਿਚ ਮੋਟੇ ਤੌਰ ਤੇ, ਅਗੇ ਵਧੂ ਤੱਤ ਇਹ ਹਨ :

(1) ਹਾਕਮਾਂ ਦੇ ਜਬਰ ਤੇ ਜ਼ੁਲਮ ਦੇ ਖਿਲਾਫ ਰੋਸ ਪ੍ਰਗਟ ਕਰਨਾ ।

(2) ਨੀਚ, ਉਚ ਸਰਵਣ ਜਾਂ ਜਾਤ ਦੇ ਗਰਬ ਦੇ ਖਿਲਾਫ ਜਹਾਦ ਕਰਕੇ ਮਨੁੱਖੀ ਬਰਾਬਰੀ ਨੂੰ ਸਾਹਮਣੇ ਲਿਆਉਣਾ।

(3) ਪੁਰਾਣੀਆਂ ਘੁਣ ਖਾਧੀਆਂ ਰੀਤਾਂ ਰਸਮਾਂ ਦੇ ਖਿਲਾਫ਼ ਲੜਨਾ ਤੇ ਵਹਿਮਾਂ ਭਰਮਾਂ ਤੇ ਭੇਖਾਂ ਅਡੰਬਰਾਂ ਆਦਿ ਨੂੰ ਨਿੰਦ ਕੇ ਚੰਗੇ ਕਰਮਾਂ ਤੇ ਜ਼ੋਰ ਦੇਣਾ ।

(4) ਇਸਤਰੀ ਜਾਤੀ ਨੂੰ ਮੰਦਾ ਤੇ ਨੀਚ ਆਖਣ ਦੇ ਖਿਲਾਫ ਆਵਾਜ਼ ਉਠਾਉਣੀ ।

(5) ਬਦੇਸ਼ੀ ਭਾਸ਼ਾ ਤੇ ਰਹਿਤ ਬਹਿਤ ਕਬੂਲ ਕਰੀ ਜਾਣ ਦੇ ਖਿਲਾਫ ਪ੍ਰੋਟੈਸਟ ਕਰਨਾ ।

(6) ਵਧ ਰਹੀ ਬਦ-ਇਖਲਾਕੀ ਤੇ ਭਰਿਸ਼ਟਾ-ਚਾਰ ਦੇ ਰੋਕਣ ਲਈ ਪ੍ਰੇਰਣਾ ਦੇਣਾ ।

ਅਜਵੇਂ ਸਮਾਜ ਵਿਚ ਜਗੀਰੂ ਰਹਿੰਦਾ ਤੇ ਸਰਮਾਏਦਾਰੂ ਲੁਟ ਮਾਰਾਂ ਦੇ ਕਾਰਨ ਇਹ ਤਤ ਹੁਣ ਵੀ ਅਗੇ ਵਧੂ ਹਨ ।

ਪੁਰਾਣੇ ਸਾਹਿਤ ਦਾ ਅਧਿਅਨ ਕਰਦਿਆਂ ਸਾਡੇ ਸਾਹਮਣੇ ਦੋ ਗੱਲਾਂ ਹੋਰ ਉਭਰ ਕੇ ਆਉਂਦੀਆਂ ਹਨ : ਇਕ ਇਹ ਕਿ ਸਾਡਾ ਪੁਰਾਣਾ ਸਾਹਿਤ ਕਦੇ ਵੀ "ਸਾਹਿਤ ਦੀ ਖਾਤਰ" ਨਹੀਂ ਲਿਖਿਆ ਗਿਆ। ਕਿਸੇ ਨਾ ਕਿਸੇ ਆਸ਼ੇ ਨੂੰ ਮੁਖ ਰਖ ਕੇ ਲਿਖਿਆ ਗਿਆ ਹੈ। ਦੂਜੇ ਇਹ ਸੰਗਰਾਮੀ ਸਾਹਿਤ ਹੈ, ਕਿਸੇ ਨਾ ਕਿਸੇ ਕੁਕਰਮ, ਕਰੁਚੀ, ਕਰੀਤੀ ਜਾਂ ਕੁਮੱਤ ਦੇ ਖੰਡਨ ਮੰਡਨ ਵਿਚ ਲਗਾ ਹੋਇਆ ਹੈ। ਸ਼ੈਤ ਇਹੋ ਕਾਰਣ ਹੈ ਕਿ ਪੰਜਾਬੀ ਸਾਹਿਤ ਵਿਚ "ਸਾਹਿਤ ਦੀ ਖਾਤਰ ਸਾਹਿਤ" ਦਾ ਨਾਹਰਾ ਬਾਹਲਾ ਨਹੀਂ ਚਲ ਸਕਿਆ, ਭਾਵੇਂ ਇਸ ਨੂੰ ਚਲੌਣ ਲਈ ਕਈ ਸਜਣਾਂ ਨੇ ਬੜਾ ਮੱਥਾ ਮਾਰਿਆ ਹੈ। ਇਹ ਸੰਗਰਾਮੀ ਸਾਹਿਤ ਹੀ ਬਣਿਆ ਹੈ ।

ਇਹ ਹੈ ਸਾਡਾ ਪਿਛਲਾ ਵਿਰਸਾ ਜਿਸ ਨੇ ਸਾਡੇ ਅਗਲੇ ਸਾਹਿਤ ਉਤੇ ਡੂੰਘਾ ਅਸਰ ਪਾਇਆ ਅਤੇ ਜਿਸ ਦੇ ਅਸਰ ਬਲੇ ਸਾਡਾ ਅਗਲਾ ਸਾਹਿਤ ਰਚਿਆ ਜਾਣ ਲੱਗਾ ।

ਪਰ ਅਗੇ ਵਧੂ ਸਾਹਿਤ ਦਾ ਉਘਾੜ ਬਰਿਟਿਸ਼ ਸਾਮਰਾਜ ਦੇ ਖਿਲਾਫ ਲੜੇ ਗਏ ਸੰਗਰਾਮਾਂ ਵਿਚ ਹੋਇਆ। ਇਸ ਦੀ ਮੁਖ-ਧਾਰਾ ਬਦੇਸ਼ੀ ਗੁਲਾਮੀ ਦੇ ਖਿਲਾਫ ਲੋਕਾਂ ਨੂੰ ਕੌਮੀ ਆਜ਼ਾਦੀ ਦੇ ਸੰਗਰਾਮ ਲਈ ਪ੍ਰੇਰਣਾ ਦੀ ਸੀ । ਸਉਂ ਗਈ ਪੰਜਾਬੀ ਅੱਣਖ ਨੂੰ ਜਗੌਣ ਲਈ—"ਪਗੜੀ ਸੰਭਾਲ ਓਏ ਜਟਾ, ਪਗੜੀ ਸੰਭਾਲ ਓਏ"—ਦਾ ਸੱਦਾ ਤੇ ਹੋਕਾ ਕਿਹੜਾ ਪੰਜਾਬੀ ਭੁਲ ਸਕਦਾ ਹੈ ? 'ਗੱਦਰ ਦੀਆਂ ਗੂੰਜਾਂ', ਅੱਜ ਵੀ ਸਾਡੇ ਕੰਨਾਂ ਵਿਚ ਗੂੰਜ ਰਹੀਆਂ ਹਨ ਅਤੇ ਹਿੰਦੂ ਸਿੱਖ ਮੁਸਲਿਮ ਏਕਤਾ ਦੀ ਧੁਨ ਇਕਸਾਰ ਗਾਈ ਜਾ ਰਹੀਆਂ ਹਨ। ਇਨ੍ਹਾਂ ਨੇ ਪੰਜਾਬੀਆਂ ਦੀਆਂ ਕੌਮੀ ਅਜ਼ਾਦੀ ਦੀਆਂ ਉਮੰਗਾਂ ਤੇ ਸਧਰਾਂ ਨੂੰ ਟੁੰਬਿਆ ਲੋਕਾਂ ਦੇ ਵਲਵਲੇ ਤੇ ਹੌਸਲੇ ਉਚੇ ਕੀਤੇ ਅਤੇ ਇਹਨਾਂ ਦੀ ਪਰੇਰਨਾ ਨਾਲ ਸੈਂਕੜੇ ਸੂਰਬੀਰ ਗਦਰੀਏ ਹਸੂੰ ਹਸੂੰ ਕਰਦੇ ਫਾਂਸੀਆਂ ਦੇ ਤਖਤਿਆਂ ਤੇ ਚੜ੍ਹ ਗਏ ਅਤੇ ਸਾਡੇ ਕੌਮੀ ਆਜ਼ਾਦੀ ਦੇ ਇਤਿਹਾਸ ਵਿਚ ਅਮਰ ਹੋ ਗਏ। ਇਹਨਾਂ ਕੁਰਬਾਨੀਆਂ ਦਾ ਸਦਕਾ ਸਾਡਾ ਕੌਮੀ ਆਜ਼ਾਦੀ ਦਾ ਸੰਗਰਾਮ ਬਹੁਤ ਅਗੇ ਵਧਿਆ ।

ਇਹ ਸਾਹਿਤ ਗੁਲਾਮੀ ਦੀ ਜ਼ਿੰਦਗੀ ਉਤੇ ਲਾਹਨਤਾਂ ਪੌਂਦਾ ਹੈ, ਕੌਮੀ ਸ਼ਹੀਦਾਂ ਤੇ ਜੋਧਿਆਂ ਦੀਆਂ ਵਾਰਾਂ ਗੌਂਦਾ ਹੈ। ਆਪੱਣੇ ਪਿਛੇ ਦੀਆਂ ਸ਼ਾਨਦਾਰ ਕੌਮੀ ਰਵਾਇਤਾਂ ਨੂੰ ਉਜਾਗਰ ਕਰਦਾ ਹੈ। ਅਤੇ ਦੇਸ਼ ਨੂੰ ਆਜ਼ਾਦ ਕਰੌਣ ਲਈ ਸਾਹਸ, ਉਤਸ਼ਾਹ ਤੇ ਜੋਸ਼ ਦੇ ਵਲਵਲੇ ਭਰਦਾ ਹੈ।

ਪਰ ਅਕਾਲੀ ਤੇ ਕੌਮੀ ਤਹਿਰੀਕਾਂ ਵਿਚ ਪੈਦਾ ਹੋਏ ਸਾਹਿਤ ਨੇ ਤਾਂ ਪੰਜਾਬੀਆਂ ਦੀ ਧੁਆਂਖੀ ਗਈ, ਜੰਗਾਲੀ ਹੋਈ ਅਣਖ, ਸੂਰਬੀਰਤਾ ਤੇ ਕੁਰਬਾਨੀ ਦੀ ਸਪਿਰਿਟ ਨੂੰ ਬਿਲਕੁਲ ਲਿਸ਼ਕਾ ਦਿਤਾ ਅਤੇ ਪੰਜਾਬੀਆਂ ਦੇ ਮਨ ਆਜ਼ਾਦੀਆਂ ਦੀ ਰੂਹ ਤੇ ਤਾਂਘ ਨਾਲ ਰੌਸ਼ਨ ਹੋ ਗਏ। ਉਹਨਾਂ ਨੇ ਸਿਰਾਂ ਉਤੇ ਖਫਣ ਬੰਨ੍ਹ ਕੇ ਉਹ ਉਹ ਕਰਾਮਾਤਾਂ ਕਰ ਵਿਖਾਈਆਂ ਕਿ ਅੰਗਰੇਜ਼ੀ ਸਰਕਾਰ ਦਾ ਸਭ ਰੂਹਬ ਦਾਬ, ਡਰ ਭੈ ਤੇ ਸਿਕਾ ਸਾਇਆ ਮਿਟੀ

ਵਿਚ ਮਿਲ ਗਿਆ ਅਤੇ ਲੋਕ ਆਜ਼ਾਦੀ ਦੀਆਂ ਸਧਰਾਂ ਵਿਚ ਸਰਸ਼ਾਰ ਮੌਤ ਨੂੰ ਟਿਚਕਰਾਂ ਕਰਨ ਲਗ ਪਏ ।

'ਅਕਾਲੀ ਸਾਹਿਤ ਦਾ ਲਛਣ, ਬਾਹਲਾ, ਜਾਗੀਰ-ਦਾਰ ਵਿਰੋਧੀ ਤੇ ਸਾਮਰਾਜ ਦੁਸ਼ਮਣ ਸੀ।ਇਹ ਮਹੰਤਸ਼ਾਹੀ ਜਾਗੀਰਦਾਰੀ ਦੇ ਖਿਲਾਫ ਲੜਨ ਲਈ ਪੈਦਾ ਹੋਇਆ ਸੀ, ਪਰ ਇਹ ਇਸ ਲੜਾਈ ਦੇ ਵਿਚ ਹੀ ਸਾਮਰਾਜ-ਵਿਰੋਧੀ ਬਣ ਗਿਆ ਸੀ, ਕਿਉਂਕਿ ਅੰਗਰੇਜ਼ੀ ਸਰਕਾਰ ਮਹੰਤਸ਼ਾਹੀ ਜਗੀਰਦਾਰੀ ਦੀ ਰਖਿਆ ਲਈ, ਅਮਨ ਤੇ ਕਾਨੂੰਨ ਦੀ ਰਖਿਆ ਦੇ ਬਹਾਨੇ, ਮਹੰਤਾਂ ਦੀ ਪਿੱਠ ਉਤੇ ਆਣ ਖਲੋਤੀ ਸੀ ।

ਸਾਡੀ ਕੌਮੀ ਆਜ਼ਾਦੀ ਦਾ ਸਾਹਿਤ ਮੁੱਢੋਂ ਹੀ ਬਦੇਸ਼ੀ ਰਾਜ-ਵਿਰੋਧੀ ਸੀ । ਇਸ ਵਿਚੋਂ ਮੁਖ ਮੁਹਾਣ ਜਾਗੀਰਦਾਰੀ-ਵਿਰੋਧੀ ਨਹੀਂ ਸੀ, ਕਿਉਂਕਿ ਕਾਂਗਰਸ ਜਾਗੀਰਸ਼ਾਹੀ ਵਿਰੁਧ ਖੁਲ੍ਹਕੇ ਤੇ ਸਾਫ ਤੌਰ ਤੇ ਨਹੀਂ ਸੀ ਬੋਲਦੀ । ਪਰ ਰਿਆਸਤੀ ਪਰਜਾ ਮੰਡਲ ਦੀ ਲਹਿਰ ਨੇ ਸਾਹਿਤ ਵਿਚ ਜਾਗੀਰਦਾਰੀ ਵਿਰੋਧੀ ਮੋੜ ਲਿਆਂਦਾ ਅਤੇ ਰਜਵਾੜਾਸ਼ਾਹੀ ਤੇ ਜਗੀਰਸ਼ਾਹੀ ਦੇ ਖਿਲਾਫ ਲਗਾਤਾਰ ਲੜਨਾ ਇਸਦੇ ਪ੍ਰੋਗਰਾਮਾਂ ਦਾ ਇਕ ਅਟੁੱਟਵਾਂ ਹਿਸਾ ਸੀ । ਇਸ ਲਹਿਰ ਦੇ ਅਸਰ ਥਲੇ ਜਾਗੀਰਸ਼ਾਹੀ ਵਿਰੋਧੀ ਚੰਗਾ ਨਿਰੋਆ ਸਾਹਿਤ ਰਚਿਆ ਗਿਆ ਅਤੇ ਕਾਂਗਰਸ ਨੂੰ ਵਧਦੀ ਹੋਈ ਰਜਵਾੜਾਸ਼ਾਹੀ ਵਿਰੋਧੀ ਤਹਿ-ਰੀਕ ਦੇ ਦਬਾਅ ਥਲੇ ਜਾਗੀਰਦਾਰੀ ਦੇ ਖਿਲਾਫ ਕਦਮ ਚੁਕਣ ਲਈ ਮਜਬੂਰ ਹੋਣਾ ਪਿਆ । ਕਿਉਂਕਿ ਰਜਵਾੜੇ ਤੇ ਜਾਗੀਰਦਾਰ ਕੌਮੀ ਆਜ਼ਾਦੀ ਦੀ ਤਹਿਰੀਕ ਦੇ ਖਿਲਾਫ ਅੰਗਰੇਜ਼ ਦਾ ਸਾਥ ਦੇ ਰਹੇ ਸਨ ।

ਇਸ ਲਈ ਅੰਗਰੇਜ਼ ਰਾਜ ਦੇ ਸਮੇਂ ਵਿਚ ਪੈਦਾ ਹੋਏ ਸਾਹਿਤ ਦੀ ਮੁਖ ਧਾਰਾ ਅੱਗੇ-ਵਧੂ ਹੈ ਕਿਉਂਕਿ ਇਹ ਅੰਗਰੇਜ਼ੀ ਗੁਲਾਮੀ ਦੇ ਖਿਲਾਫ, ਰਜਵਾੜਾਸ਼ਾਹੀ ਤੇ ਜਗੀਰਦਾਰੀ ਦੇ ਜ਼ੁਲਮਾਂ ਤੇ ਧੱਕਿਆਂ ਦੇ ਖਿਲਾਫ ਲੜਾਈ ਕਰਨ ਦੀ ਪ੍ਰੇਰਨਾ ਦੇਂਦਾ ਹੈ । ਇਹ ਸਾਰਾ ਸੰਗਰਾਮੀ ਸਾਹਿਤ ਹੈ, ਸਾਹਿਤ ਦੀ ਖਾਤਰ ਲਿਖਿਆ ਗਿਆ ਸਾਹਿਤ ਨਹੀਂ ।

ਅਤੇ ਇਹ ਫਿਰ ਸਾਰੇ ਦਾ ਸਾਰਾ ਮਨੁੱਖਵਾਦੀ ਸਾਹਿਤ ਹੈ ਜਿਸ ਦੀ ਧਾਰਾ ਅਗੇ-ਵਧੂ ਹੈ । ਅੰਗਰੇਜ਼ੀ ਰਾਜ ਦਾ ਰਜਵਾੜਾਸ਼ਾਹੀ ਦੇ ਹੱਕ ਵਿਚ ਲਿਖਿਆ ਗਿਆ ਪਿਛੇ-ਖਿੱਚੂ ਸਾਹਿਤ ਸਾਡੇ ਅਤੀ ਬਹੁ-ਗਿਣਤ ਲੋਕਾਂ ਵਲੋਂ ਕਦੇ ਵੀ ਨਹੀਂ ਅਪਣਾਇਆ ਗਿਆ ਨਾ ਹੀ ਇਹ ਸਾਡੇ ਸਾਹਿਤ ਦਾ ਕਦੀ ਵਡਾ ਹਿਸਾ ਬਣਿਆ ।

ਇਸ ਵੇਲੇ ਪੁਰਾਣੇ ਸਾਹਿਤ ਨਾਲੋਂ ਅੰਗਰੇਜ਼ੀ ਰਾਜ ਵੇਲੇ ਸਾਹਿਤ ਪਿਛਲੇ ਅੱਗੇ-ਵਧੂ ਮਨੁਖਵਾਦੀ ਵਿਰਸੇ ਨੂੰ ਹੋਰ ਅਗੇ ਖੜਦਾ ਹੈ ਅਤੇ ਪਿਛੇ ਨਾਲੋਂ ਅਗੇ-ਵਧੂ ਮੁਹਾਣ ਨੂੰ ਹੋਰ ਵਿਸ਼ਾਲ ਤੇ ਮਜ਼ਬੂਤ ਕਰਦਾ ਹੈ ।

ਮਨੁਖਵਾਦ ਦਾ ਵਿਚਾਰ ਇਕ ਕਿਲੇ-ਬੰਦਵਾਂ ਵਿਚਾਰ ਨਹੀਂ । ਇਹ ਤਬਦੀਲ ਹੁੰਦਾ ਰਿਹਾ ਹੈ, ਵਿਗਸਦਾ ਰਿਹਾ ਹੈ ਅਤੇ ਵਿਸ਼ਾਲ ਹੁੰਦਾ ਰਿਹਾ ਹੈ । ਆਜ਼ਾਦੀ ਦੇ ਪਿਛੋਂ ਮਨੁਖ-ਵਾਦੀ ਸਾਹਿਤ ਹੋਰ ਵਿਸ਼ਾਲ ਹੋਇਆ ਹੈ, ਸਿਰਫ ਰੂਪ ਦੇ ਪੱਖੋਂ ਹੀ ਨਹੀਂ, ਵਿਸ਼ੇ-ਵਸਤੂ ਦੇ ਪੱਖੋਂ ਵੀ ।

ਅੱਜਵਾਂ ਮਨੁਖਵਾਦੀ ਸਾਹਿਤ ਵਰਤਮਾਨ ਆਜ਼ਾਦੀ ਨਾਲ ਵੀ ਸੰਤੁਸ਼ਟ ਨਹੀਂ ਹੋਇਆ । ਨਵਾਂ ਸਾਹਿਤ ਨਵੀਂ ਦੁਨੀਆਂ ਦਾ ਉਸਰੱਈਆ ਹੈ—ਉਸ ਨਵੀਂ ਦੁਨੀਆਂ ਦਾ ਜਿਸ ਵਿਚ ਮਿਹਨਤ ਰਾਣੀ ਬਣ ਕੇ ਰਾਜ ਭਾਗ ਸੰਭਾਲੇਗੀ ਤੇ ਮਨੁਖ ਹਥੋਂ ਮਨੁਖ ਦੀ ਲੁਟ ਚੋਂਘ ਬੰਦ ਕਰੇਗੀ; ਜਿਸ ਵਿਚ ਜ਼ਿੰਦਗੀ ਦੇ ਸੁਖ ਮਾਨਣਾ ਇਨਸਾਨ ਦਾ ਮੁਖੇ ਅਧਿਕਾਰ ਹੋਵੇਗਾ ਅਤੇ ਇਨਸਾਨ ਨੂੰ ਜ਼ਿੰਦਗੀ ਘਸੀਟਣ ਲਈ ਮਜਬੂਰ ਕਰਨ ਵਾਲੇ ਗੁਨਾਹਗਾਰ ਕਰਾਰ ਦਿਤੇ ਜਾਣਗੇ—ਜਿਸ ਵਿਚ ਸਾਰੇ ਸਾਰਿਆਂ ਲਈ ਕੰਮ ਕਰਨਗੇ, ਸਾਰਿਆਂ ਨੂੰ ਮਿਹਨਤ ਦੇ ਫਲ ਦਾ ਹਿੱਸਾ ਮਿਲੇਗਾ, ਅਤੇ ਕਿਸੇ ਨੂੰ ਦੂਜਿਆਂ ਦੀ ਮਿਹਨਤ ਦੀ ਕੀਮਤ ਉਤੇ ਮੋਟਾ ਹੋਣ ਦੀ ਆਗਿਆ ਨਹੀਂ ਦਿਤੀ ਜਾਵੇਗੀ ।

ਇਹ ਨਵਾਂ ਮਨੁਖ-ਵਾਦੀ ਸਹਿਤ ਏਹੋ ਜੇਹੇ ਨਵੇਂ ਸੋਸ਼ਲਿਸਟ ਸਮਾਜ ਦੇ ਸਿਰਜਣ ਲਈ ਰਚਿਆ ਜਾ ਰਿਹਾ ਹੈ । ਸੋਸ਼ਲਿਜਮ ਮਨੁਖਵਾਦ ਤੋਂ ਅਡਰਾ ਨਹੀਂ ਮਨੁਖਵਾਦ ਦਾ ਹੀ ਅਨਿਖੜਵਾਂ ਅੰਗ ਹੈ । ਇਸ ਦੀ ਰਚਨਾ ਦੀ ਉਮੰਗ ਵਰਤਮਾਨ ਸਰਮਾਏਦਾਰ ਸਮਾਜ ਦੀ ਨਾਕਾਮੀ ਦੇ ਤਜਰਬੇ ਤੋਂ ਵਧੇਰੇ ਭੜਕੀ ਹੋਈ ਹੈ । ਇਸ ਸਾਹਿਤ ਦੀ ਸੰਗਰਾਮੀ ਪਰੇਰਨਾ ਬੜੀ ਬਲਵਾਨ ਹੈ ਅਤੇ ਜਿਉਂ ਜਿਉਂ ਸੁਚੀ ਸੋਸ਼ਲਿਸਟ ਤਹਿਰੀਕ ਅਗੇ ਵਧ ਰਹੀ ਹੈ ਤਿਉਂ ਤਿਉਂ ਇਹ ਸਾਹਿਤ ਬਲਵਾਨ ਹੁੰਦਾ ਜਾ ਰਿਹਾ ਹੈ ਅਤੇ ਤਹਿਰੀਕ ਨੂੰ ਹੋਰ ਬਲਵਾਨ ਕਰੀ ਜਾ ਰਹੀ ਹੈ ।

ਇਸ ਅਗੇ-ਵਧੂ ਮਨੁਖਵਾਦ ਦੀਆਂ ਨੀਹਾਂ ਆਮ ਮਿਹਨਤੀ ਲੋਕ ਹਨ । ਇਹ ਉੱਤਲੇ ਪੰਜ ਛੇ ਫੀ ਸਦੀ ਲੁਟੇਰਿਆਂ ਦਾ ਤਰਜਮਾਨ ਨਹੀਂ, ਸਗੋਂ ਚੁਰਾਨਵੇ, ਪੰਚਾਨਵੇ ਫੀ ਸਦੀ ਲੋਕਾਂ ਦੀ ਭਿਆਈ, ਬਿਹਤਰੀ ਤੇ ਖੁਸ਼ਹਾਲੀ ਦਾ ਪਰੇਰਕ ਹੈ । ਇਹ ਪਿਛੇ ਵੀ ਮੁਠੀ ਭਰ ਮਾਲਿਕ ਭਾਗੋਆਂ, ਕੌਡੇ ਰਾਕਸ਼ਾਂ ਤੇ ਸਜਣ ਠੱਗਾਂ ਦਾ ਮਿੱਤਰ ਨਹੀਂ ਸੀ, ਅੱਜ ਵੀ ਇਹਨਾਂ ਧਾੜਵੀਆਂ ਦਾ ਮਿੱਤਰ ਨਹੀਂ; ਇਹ ਪਿਛੇ ਵੀ ਭਾਈ ਲਾਲੋਆਂ ਦਾ ਸਾਥੀ ਸੀ, ਅੱਜ ਵੀ ਉਸ ਨਾਲੋਂ ਬਹੁਤ ਵਧੇਰੇ, ਉਹਨਾਂ ਦਾ

ਸਾਥੀ ਤੇ ਹਾਮੀ ਹੈ ਅਤੇ ਉਹਨਾਂ ਨੂੰ ਉੱਤੇ ਲਿਆਉਣ ਲਈ ਇਹ ਸਾਰੀ ਘਾਲਣਾਂ ਘਾਲ ਰਿਹਾ ਹੈ।

ਇਸ ਲਈ ਇਹ ਸਾਹਿਤ ਸਰਬ ਪਿਆਰਾ ਸਾਹਿਤ ਨਹੀਂ, ਸਰਬ-ਵਿਆਪੀ ਪਿਆਰ ਦਾ ਸਾਹਿਤ ਨਹੀਂ, ਮਲਿਕ ਭਾਗੋਆਂ ਤੇ ਕੌਡੇ ਰਾਕਸ਼ਾਂ ਦੇ ਖਿਲਾਫ ਨਫਰਤ ਤੇ ਗੁਸਾ ਪੈਦਾ ਕਰਨ ਦਾ ਸਾਹਿਤ ਹੈ. ਇਕ ਹਥਿਆਰ ਹੈ। ਗੁਸਾ ਤੇ ਨਫਰਤ ਬੜੇ ਸੁਚੇ ਜਜ਼ਬੇ ਹਨ ਜਿਨ੍ਹਾਂ ਤੋਂ ਬਿਨਾਂ ਇਨਸਾਨ, ਇਨਸਾਨ ਨਹੀਂ ਰਹਿੰਦਾ, ਕੁਝ ਹੋਰ ਹੀ ਅਦਭੁਤ ਜੀਵ ਬਣ ਜਾਂਦਾ ਹੈ। ਜੇ ਮਲਿਕ ਭਾਗੋਆਂ ਤੇ ਕੌਡੇ ਰਾਕਸ਼ਾਂ ਦੇ ਖਿਲਾਫ ਨਫ਼ਰਤ ਗੁਸਾ ਤੇ ਘੌਲ ਜਾਂਦੇ ਰਹਿਣ ਤਾਂ ਇਹ ਲੋਕਾਂ ਦਾ ਰਹਿੰਦਾ ਖੂੰਹਦਾ ਲਹੂ ਵੀ ਡੀਕ ਲਾ ਕੇ ਪੀ ਜਾਣ ਅਤੇ ਮਿਹਨਤ ਕਸ਼ਾਂ ਦਾ ਜੀਵਨ, ਲਾਦੂ ਪਸ਼ੂਆਂ ਨਾਲੋਂ ਵੀ ਭੈੜਾ ਕਰ ਦੇਣ।

ਜੇ ਮਨੁਖ ਗਰੀਬ ਦੇ ਜੰਮਦਾ ਹੈ ਤਾਂ ਉਸਦਾ ਕੋਈ ਕਸੂਰ ਨਹੀਂ, ਨਾ ਹੀ ਇਸ ਵਿਚ ਕੋਈ ਸ਼ਰਮ ਦੀ ਗੱਲ ਹੈ। ਪਰ ਗ਼ਰੀਬ ਦੇ ਘਰ ਜੰਮ ਕੇ ਜੇ ਉਹ ਆਪਣੀ ਹਾਲਤ ਨੂੰ ਲੜਕੇ ਬਿਹਤਰ ਬਣਾਉਣ ਦੀ ਥਾਂ ਗਰੀਬੀ ਨੂੰ ਤਿੱਲੇਦਾਰ ਰੰਗੀਨ ਕਪੜੇ ਪੁਆ ਕੇ ਗਰੀਬੀ ਦੀ ਉਪਮਾ ਕਰਨ ਲਗ ਪੈਂਦਾ ਹੈ—ਇਹੋ ਗਰੀਬ ਬੇਅਣਖਾ ਹੈ ਜਿਸਦੇ ਖਿਲਾਫ਼ ਗੁਸੇ ਤੇ ਨਫਰਤ ਤੋਂ ਛੁਟ ਹੋਰ ਕੋਈ ਵੀ ਭਾਵ ਪੈਦਾ ਨਹੀਂ ਹੋ ਸਕਦੇ।

ਅਗੇ ਵਧੂ ਮਨੁਖਵਾਦੀ ਸਾਹਿਤ ਸਮਾਜ ਦੀਆਂ ਵਕਤ ਟੱਪ ਚੁਕੀਆਂ ਤੇ ਮਰਲਾਊ ਪਈਆਂ ਸ਼ਰੇਣੀਆਂ ਤੇ ਤਾਕਤਾਂ ਦਾ ਸਾਹਿਤ ਨਹੀਂ। ਇਹ ਵਿਗਸ ਰਹੀਆਂ ਤਾਕਤਾਂ ਦਾ ਸਾਹਿਤ ਹੈ। ਇਹ ਨਵੇਂ ਸਮਾਜ ਨੂੰ ਉਸਾਰਨ ਵਾਲੀਆਂ ਸ਼ਕਤੀਆਂ ਦਾ ਸਾਹਿਤ ਹੈ। ਇਹ ਇਹਨਾਂ ਸ਼ਕਤੀਆਂ ਦਾ ਸਵਾਗਤ ਕਰਦਾ ਹੈ ਅਤੇ ਉਹਨਾਂ ਦੇ ਵਧਣ ਫੁਲਣ ਤੇ ਫਲੀਭੂਤ ਹੋਣ ਵਿਚ ਸਹਾਈ ਹੁੰਦਾ ਹੈ। ਇਹ ਕਿਰਤ ਦਾ ਖੁਸ਼ਹਾਲ ਭਵਿਖ ਸਿਰਜਣ ਦਾ ਸਾਹਿਤ ਹੈ ਇਸ ਕੋਲ ਨਿਰਾਸ਼ਾਵਾਦ ਦੇ ਖੰਭ ਕਦੇ ਵੀ ਨਹੀਂ ਫੜਫੜਾ ਸਕਦੇ।

ਕੁਝ ਸਜਣ ਇਕ ਨਵਾਂ ਨਾਹਰਾ ਲਾਉਣ ਲਗ ਪਏ ਹਨ। ਉਹ ਆਖਦੇ ਹਨ ਕਿ ਸਾਹਿਤ ਪਹਿਲੋਂ ਵੀ ਸਾਹਿਤ ਹੋਵੇ, ਪਿਛੋਂ ਵੀ ਸਾਹਿਤ ਹੋਵੇ ਨਾਅਰੇਬਾਜ਼ ਸਾਹਿਤ ਨਾ ਹੋਵੇ। ਇਹ ਅਸਲ ਵਿਚ 'ਸਾਹਿਤ ਦੀ ਖਾਤਰ ਸਾਹਿਤ' ਦਾਂ ਹੀ ਦੂਜਾ ਰੂਪ ਹੈ। ਇਹ ਸਜਣ ਅਸਲ ਵਿਚ ਰੂਪ (Form) ਨੂੰ ਤੇ ਵਿਸ਼ੇ ਵਸਤੂ (Content) ਨੂੰ ਰੱਲਗਡ ਕਰਦੇ ਹਨ। ਰੂਪ ਬਿਲਕੁਲ ਸਾਹਿਤਕ ਘਸਵਟੀ ਉਤੇ ਲਾ ਕੇ ਪਰਖਿਆ ਜਾਣਾ ਚਾਹੀਦਾ ਹੈ ਅਤੇ ਵੰਨੀ ਦਾ ਸੋਨਾ ਹੋਣਾ ਚਾਹੀਦਾ ਹੈ। ਇਸ ਨੂੰ ਮਾਂਜਣ ਸੰਵਾਰਨ ਲਿਸ਼ਕੌਣ ਤੇ ਅਲੰਕਾਰਾਂ ਦੇ ਗਹਿਣਿਆਂ ਨਾਲ ਸਜੌਣ ਦੀ ਸਾਹਿਤਕਾਰ ਨੂੰ ਹਰ ਸੰਭਵ ਕੋਸ਼ਿਸ਼ ਤੇ ਮਿਹਨਤ ਕਰਨੀ ਚਾਹੀਦੀ। ਪਰ ਵਿਚਾਰਧਾਰਕ ਗੁਣਾਂ ਤੇ ਨਰੋਏ ਸੁਝਾਵਾਂ ਤੋਂ ਬਗੈਰ, ਸੋਹਣਾ ਰੂਪ ਵੀ ਖਿਚ ਵਾਲਾ ਨਹੀਂ ਰਹਿੰਦਾ। ਸੋਹਣੀ ਸੁਨੱਖੀ ਨਾਰ ਉਹੋ ਨਿਭਦੀ ਹੈ ਜਿਹੜੀ ਸੁਹਣੇ ਗੁਣਾਂ ਵਾਲੀ ਤੇ ਸੋਹਣੇ ਆਚਾਰ ਵਾਲੀ ਹੋਵੇ।

ਕੁਝ ਵੀਰ ਇਹ ਵੀ ਆਖਦੇ ਹਨ ਕਿ ਸਾਨੂੰ ਜ਼ਿੰਦਗੀ ਨੂੰ ਜਿਵੇਂ ਹੈ, ਤਿਵੇਂ ਹੀ ਚਿਤਰਨਾ ਚਾਹੀਦਾ ਹੈ। ਇਹ ਇਕ ਅਣਹੋਣੀ ਤੇ ਨਿਰਾਰਥਕ ਗੱਲ ਹੈ। ਕੋਈ ਵੀ ਲਿਖਾਰੀ ਵਿਚਾਰਾਂ ਤੋਂ ਸਖਣਾ ਨਹੀਂ ਹੁੰਦਾ। ਉਸਦੀ ਸ਼ਬਦ ਚੋਣ, ਉਸਦੇ ਮੁਹਾਵਰੇ, ਉਸਦੇ ਬਿਆਨਣ ਦਾ ਢੰਗ ਉਸਦੀ ਵਿਚਾਰਧਾਰਾ ਰਾਹੀਂ ਅਚੇਤ ਜਾਂ ਸੁਚੇਤ ਤੌਰ ਤੇ ਪੁਣ ਛਣ ਕੇ ਔਂਦੇ ਹਨ। ਉਸਦੀ ਲਿਖਤ ਉਸਦੀ ਆਪਣੀ ਵਿਚਾਰਧਾਰਾ ਤੋਂ ਪਰਭਾਵਿਤ ਹੋਏ ਬਗੈਰ ਨਹੀਂ ਰਹਿ ਸਕਦੀ। ਇਹ ਵਖਰੀ ਗੱਲ ਹੈ ਕਿ ਉਸਨੂੰ ਖੁਦ ਇਸ ਗੱਲ ਦਾ ਗਿਆਨ ਨਾ ਹੋਵੇ।

ਮਨੁਖਵਾਦ ਕਿਸੇ ਬਾਹਰਲੀ ਦੇਵੀ ਸ਼ਕਤੀ ਉਤੇ ਭਰੋਸਾ ਨਹੀਂ ਰਖਦਾ। ਇਹ ਮਨੁਖ ਦੀ ਆਪਣੀ ਸਿਰਜਣ ਸ਼ਕਤੀ ਉਤੇ ਭਰੋਸਾ ਰਖਦਾ ਹੈ ਅਤੇ ਮਨੁਖ ਨੂੰ ਹੀ ਆਪਣੇ ਸੋਹਣੇ ਨਰੋਏ ਭਵਿੱਖ ਦਾ ਉਸ-ਰਈਆ ਸਮਝਦਾ ਹੈ। ਜੋ ਕੁਝ ਰੂਸੀ ਜਾਂ ਚੀਨੀ ਮਨੁਖ ਕਰ ਸਕਦਾ ਹੈ ਉਹ ਕੁਝ, ਜੇ ਵਧ ਨਹੀਂ, ਤਾਂ, ਭਾਰਤੀ ਮਨੁਖ ਵੀ ਕਰ ਸਕਦਾ ਹੈ।

ਇਹ ਹੈ ਨਰੋਆ ਅਗੇ ਵਧੂ ਮਨੁਖਵਾਦੀ ਸਾਹਿਤ ਜਿਹੜਾ ਪੰਜਾਬੀ ਵਿਚ ਰਚਿਆ ਜਾ ਰਿਹਾ ਹੈ ਅਤੇ ਜਿਹੜਾ ਰੰਗ ਨਸਲ ਜਾਤ ਤੇ ਮਜ਼ਹਬ ਦੇ ਵਖੇਵੇਂ ਪਰਾਂ ਸੁਟ ਕੇ ਮਨੁਖ ਨੂੰ ਮਨੁਖ ਦਾ ਦਰਜਾ ਦੇਣਾ ਚਾਹੁੰਦਾ ਹੈ ਅਤੇ ਉਹਨੂੰ ਏਕਤਾ ਬਰਾਬਰੀ ਤੇ ਸੁਆਧੀਨਤਾ ਦੇ ਸਿੰਘਾਸਨ ਉਤੇ ਬਿਠੌਣਾ ਚਾਹੁੰਦਾ ਹੈ। ਭਵਿਖ ਏਸੇ ਮਨੁਖਵਾਦੀ ਸਾਹਿਤ ਦਾ ਹੈ, ਹੋਰ ਕਿਸੇ ਪਿਛੇ ਖਿਚੂ ਸਾਹਿਤ ਦਾ ਨਹੀਂ।

(ਧੰਨਵਾਦ ਸਾਹਿਤ ਦਸੰਬਰ 1959—ਸਾਡਾ ਜੁੱਗ)

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੀਆਂ ਕਿਤਾਬਾਂ ਅਦਾਰਾ ਸਮਤਾ ਕੋਲੋਂ ਉਹਨਾਂ ਦੀ ਕੀਮਤ ਦੀਆਂ ਡਾਕ ਟਿਕਟਾਂ ਭੇਜਕੇ ਮੰਗਵਾਈਆਂ ਜਾ ਸਕਦੀਆਂ ਹਨ। ਦਿਤੀਆਂ ਕੀਮਤਾਂ ਵਿਚ ਡਾਕ ਖਰਚ ਵੀ ਸ਼ਾਮਿਲ ਹੈ। ਸੂਹੀ ਸਵੇਰ 6/-, ਨਾਟਕ-ਬੰਦਾ ਬਹਾਦੁਰ 3/-, ਕਹਾਣੀਆਂ-ਲੁਕ ਵਿਚ ਫਸੇ ਪੈਰ 3/-, ਕਹਾਣੀਆਂ-ਚਾਬੀਆਂ ਦਾ ਗੁਛਾ 3/-, ਨਾਜ਼ਮ ਹਿਕਮਤ ਦੀ ਨਜ਼ਮਾਂ-ਸ਼ਹਿਦ ਦੀ ਕਟੋਰੀ 3/-।

# ਤਿੰਨ ਹਿੰਦੀ ਕਵਿਤਾਵਾਂ

o

ਮੂਲ ਲੇਖਕ : ਮਦਨ ਕਸ਼ਯਪ
ਅਨੁ : ਗੁਰਸ਼ਰਨ ਸਿੰਘ ਸਿਖੋਂ

ਉਦਯੋਗਿਕ ਜੀਵਨ ਨਾਲ ਸੰਬੰਧਤ ਇਹਨਾਂ ਤਿੰਨ ਹਿੰਦੀ ਦੀਆਂ ਕਵਿਤਾਵਾਂ ਦਾ ਰਚਣਹਾਰ 'ਮਦਨ ਕਸ਼ਯਪ' ਹੈ। ਕਾਰਖਾਨਿਆਂ ਵਿਚੋਂ ਨਿਕਲਦਾ ਧੂੰਆਂ ਆਪਣੇ ਵਿਚ ਜ਼ਹਿਰੀ ਗੈਸਾਂ ਲੁਕਾਈ ਮਜ਼ਦੂਰਾਂ ਦੀ ਜਾਨ ਦਾ ਕਿਸ ਤਰ੍ਹਾਂ ਖੌ ਬਣ ਰਿਹਾ ਹੈ; ਉਸਨੂੰ ਇਹ ਕਵਿਤਾਵਾਂ ਬਿਆਨ ਕਰਦੀਆਂ ਹਨ। ਜੋ ਕੁਝ ਸਾਇੰਸ ਦੀ ਖੋਜ ਦੱਸਦੀ ਹੈ ਕਿ ਕੋਲੇ ਦਾ ਜ਼ਹਿਰੀ ਧੂੰਆਂ ਬੇਅੰਤ ਬਿਮਾਰੀਆ ਦੀ ਜੜ੍ਹ ਹੈ ਅਤੇ ਇਹ ਬੰਦੇ ਦੀ ਉਮਰ ਖਾ ਜਾਂਦਾ ਹੈ। ਇਸੇ ਸਭ ਕੁਝ ਨੂੰ ਇਹ ਕਵਿਤਾਵਾਂ ਬਿਆਨ ਕਰਦੀਆਂ ਹਨ। ਇਸਦੇ ਨਾਲ ਹੀ ਕਿ ਮਜ਼ਦੂਰ ਕਿਉਂਕਿ ਮਾਲੀ ਤੌਰ ਤੇ ਬਹੁਤ ਕਮਜ਼ੋਰ ਹੁੰਦਾ ਹੈ ਉਸਨੂੰ ਤਾਂ ਢਿੱਡ ਦੀ ਭੁਖ ਦੂਰ ਕਰਨ ਦਾ ਫਿਕਰ ਹੀ ਨਹੀਂ ਛੱਡਦਾ ਤੇ ਇਹ ਜੋ ਵਾਯੂਮੰਡਲ ਵਿਚਲੀ ਜ਼ਹਿਰ ਹੈ, ਇਸਤੋਂ ਬਚਾ ਕਰਨ ਦਾ ਸਾਧਨ ਉਹ ਕਿਵੇਂ ਕਰ ਲਵੇ। ਸਰਮਾਏਦਾਰ ਤਾਂ ਇਸਤੋਂ ਬਚਣ ਲਈ ਪੈਸੇ ਖਰਚ ਕਰਕੇ ਕੋਈ ਹੀਲਾ ਕਰ ਸਕਦਾ ਹੈ। ਪਰ ਮਜ਼ਦੂਰ ਨੂੰ ਤਾਂ ਇਸਦਾ ਅਸਰ ਕਬੂਲਣਾ ਹੀ ਪੈਂਦਾ ਹੈ। ਪਰ ਕਿਉਂਕਿ ਇਹਨਾਂ ਭੱਠੀਆਂ ਵਿਚ ਮਜ਼ਦੂਰ ਦੀ ਹੀ ਮਿੱਝ ਬਲਦੀ ਹੈ, ਉਹੀ ਇਹਨਾਂ ਕਾਰਖਾਨਿਆਂ ਦੀ ਚਾਲਕ-ਸ਼ਕਤੀ ਹੈ ਤਾਂ ਉਹ ਬੇਬਸ ਤੇ ਲਾਚਾਰ ਕਿਉਂ? ਉਸਨੇ ਹੁਣ ਕੀ ਕਰਨਾ ਹੈ? ਇਸਨੂੰ ਤੀਸਰੀ ਕਵਿਤਾ ਬਿਆਨ ਕਰਦੀ ਹੈ।

ਅਨੁਵਾਦਕ

## ਧੂੰਏਂ ਦਾ ਦੈਂਤ—ਇਕ

ਧੂੰਆਂ
ਕੋਲੇ ਦੀ ਗਰਦ
ਆਕਸਾਈਡ
ਅਤੇ ਵਿਸ਼ੈਲੇ ਗੈਸਾਂ ਨਾਲ ਭਰਿਆ
ਬੇਸ਼ੁਮਾਰ ਧੂੰਆਂ
ਬੱਦਲ ਦੀਆਂ ਲਪਟਾਂ ਵਾਂਗ
ਗਰਜਦਾ ਹੋਇਆ ਚਿਮਨੀਆਂ ਵਿਚੋਂ ਨਿਕਲਦਾ ਹੈ
ਅਤੇ ਹੌਲੀ ਹੌਲੀ
ਇਕ ਦੈਂਤ ਦਾ ਰੂਪ ਲੈ ਲੈਂਦਾ ਹੈ।
ਇਹ ਭੀਮ-ਅਕਾਰੀ ਦੈਂਤ
ਹੌਲੀ ਹੌਲੀ ਥੱਲੇ ਉਤਰਦਾ ਹੈ
ਤੜਾਕ ਤੜਾਕ ਬੰਦ ਹੋ ਜਾਂਦੇ ਹਨ
'ਆਫੀਸਰਜ਼ ਕਾਲੋਨੀ' ਦੀਆਂ ਖਿੜਕੀਆਂ ਤੇ ਦਰਵਾਜ਼ੇ
ਬਾਗਾਂ ਵਿਚ ਮਾਲੀ ਹੋਰ ਤੇਜ਼ ਕਰ ਦਿੰਦੇ ਹਨ
ਪਾਣੀ ਦਾ ਛਿੜਕਾ।

ਉਹ ਦਾਨਵ-ਕਨੱਖੀ ਉਸ ਕਲੋਨੀ ਨੂੰ ਦੇਖਦਾ ਹੈ
ਮੁਸਕਰਾਉਂਦਾ ਹੈ
ਬਾਗਾਂ ਦੇ ਤਾਜ਼ਾ ਫੁੱਲਾਂ ਦੀ ਖ਼ੁਸ਼ਬੂ ਲੈਂਦਾ ਹੈ
ਅਤੇ ਉਹਨਾਂ ਤੋਂ ਕਿਨਾਰਾ ਕਰਦਾ ਹੋਇਆ
ਵਧ ਜਾਂਦਾ ਹੈ ਸਾਡੀ ਕਲੋਨੀ ਵੱਲ।

ਅਸੀਂ ਆਪਣੀਆਂ ਖਿੜਕੀਆਂ ਤੇ ਦਰਵਾਜ਼ੇ
ਬੰਦ ਕਰੀਏ ਤਾਂ ਕਿਵੇਂ ?
ਕੰਧਾਂ ਤੇ ਛੱਤਾਂ ਚੀਕਣ ਲੱਗਦੀਆਂ ਨੇ—
ਮੂਰਖਾ ! ਖਿੜਕੀਆਂ-ਦਰਵਾਜ਼ੇ ਬੰਦ ਕਰਨ ਨਾਲ
ਕੀ ਹੋਵੇਗਾ ?
ਸਾਡੇ ਵਿਚ ਸੈਂਕੜੇ ਮੋਰੀਆਂ ਹਨ
ਕਿਸੇ ਵਿਚੋਂ ਦੀ ਵੀ ਘੁਸ ਸਕਦਾ ਹੈ ਦਾਨਵ।
ਇਹੋ ਕੀ ਘੱਟ ਹੈ ਕਿ ਰੋਸ਼ਨੀ ਤੋਂ ਬਚਾਉਂਦੇ ਹਾਂ
ਧੂੰਆਂ, ਪਾਣੀ ਅਤੇ ਸਿੱਲ੍ਹ ਤੋਂ ਬਚਾਉਣ ਲਈ
ਥੋੜੇ ਬਣਾਇਆ ਗਿਆ ਹੈ ਸਾਨੂੰ !
ਅਤੇ ਕਿਸ ਕਿਸ ਨੂੰ ਬਚਾਓਗੇ,
ਉਸ ਨੁੱਕਰ ਵਿਚ ਖੇਲ ਰਹੇ ਤੁਹਾਡੇ ਬੱਚਿਆਂ ਨੂੰ ਤਾਂ
ਕਦੋਂ ਦਾ ਨਿਗਲ ਚੁੱਕਾ ਹੈ ਧੂੰਏਂ ਦਾ ਦੈਂਤ !

ਫੇਰ ਤਾਂ ਅਸੀਂ ਆਪਣੀ ਕਿਸਮਤ ਦੇ ਸਵਾਗਤ ਵਿਚ
ਖੁੱਲ੍ਹਾ ਛੱਡ ਦਿੰਦੇ ਹਾਂ, ਦਰਵਾਜ਼ੇ-ਖਿੜਕੀਆਂ
ਅਤੇ ਗੌਰ ਨਾਲ ਦੇਖਦੇ ਹਾਂ
ਕੋਲ ਆ ਰਹੇ ਧੂੰਏਂ ਦੇ ਦਾਨਵ ਨੂੰ
ਅਤੇ
ਦੇਖਦੇ ਦੇਖਦੇ
ਸਾਡੀ ਪੂਰੀ ਕਲੋਨੀ ਨੂੰ ਨਿਗਲ ਜਾਂਦਾ ਹੈ
ਧੂੰਏਂ ਦਾ ਦੈਂਤ !

o

## ਧੂੰਏਂ ਦਾ ਦੈਂਤ—ਦੋ

ਇਕ ਭਾਰੀ-ਭਰਮਕ ਜਾਦੂ ਦੇ ਦੀਵੇ ਵਾਂਗ
ਲਗਦਾ ਹੈ ਕਾਰਖਾਨਾ
ਜਿਸਦੀਆਂ ਚਿਮਨੀਆਂ ਵਿਚੋਂ ਨਿਕਲਣ ਵਾਲਾ
ਧੂੰਏਂ ਦਾ ਦੈਂਤ

ਸਾਨੂੰ ਨਿਗਲਦਾ ਜਾ ਰਿਹਾ ਹੈ ਲਗਾਤਾਰ ।

ਉਹ ਹਰ ਰੋਜ਼
ਸਮੁੰਦਰ ਵਾਂਗ ਗਰਜਦਾ ਹੋਇਆ ਆਉਂਦਾ ਹੈ
ਅਤੇ ਸ਼ੇਸ਼ ਨਾਗ ਵਰਗੇ ਆਪਣੇ ਵਿਸ਼ਾਲ ਜਬਾੜੇ ਵਿਚ
ਪੂਰੀ ਕਲੋਨੀ ਨੂੰ ਦਬੋਚ ਲੈਂਦਾ ਹੈ ।
ਸਾਡੇ ਫੇਫੜਿਆਂ ਵਿਚ ਧੂੜ-ਗਰਦ ਭਰਦਾ ਹੈ
ਸਾਡੇ ਖ਼ੂਨ ਦਾ ਹਿਮੋਗਲੋਬਿਨ ਘੱਟ ਕਰਦਾ ਹੈ
ਅਤੇ ਅੰਬ ਦੀ ਚੂਸੀ ਹੋਈ ਗੁਥਲੀ ਵਾਂਗ
ਸਾਨੂੰ ਵਾਪਸ ਉੱਗਲ ਕੇ ਮੁੜ ਜਾਂਦਾ ਹੈ ।

ਹਰ ਰੋਜ਼
ਸਾਡੀ ਜ਼ਿੰਦਗੀ ਦੀ ਇਕ ਕਿਸ਼ਤ ਮਰ ਜਾਂਦੀ ਹੈ
ਸਾਡੇ ਸਰੀਰ ਦਾ ਇਕ ਹਿੱਸਾ ਬੇਕਾਰ ਹੋ ਜਾਂਦਾ ਹੈ,
ਸਾਡੇ ਮਨ ਦਾ ਇਕ ਕੋਨਾ ਲਾਚਾਰ ਹੋ ਜਾਂਦਾ ਹੈ ।

ਇਸ ਵਾਰ ਅਲਾਦੀਨ ਸੜਕ ਦੀ ਗੰਦਗੀ ਨਹੀਂ
ਉਹ ਤਾਂ
ਵਾਈਟ ਹਾਊਸ
ਕਰੈਮਲਿਨ
ਅਤੇ ਸਫਦਰਜੰਗ ਰੋਡ ਦੀ ਸ਼ੋਭਾ ਹੈ
ਜੋ ਸਾਨੂੰ ਭੁੱਖ ਅਤੇ ਬੇਬਸੀ ਦੀਆਂ ਡੋਰੀਆਂ ਸਹਾਰੇ
ਨਚਾਉਂਦਾ ਹੈ ।

ਉਸਦੇ ਇਸ਼ਾਰਿਆਂ ਤੇ ਕਠਪੁਤਲੀਆਂ ਵਾਂਗ
ਅਸੀਂ ਤਾਂ ਜਲਦੇ ਚਿਰਾਗ ਹਾਂ
ਅਸੀਂ ਤਾਂ ਜਲਾਉਂਦੇ ਤਾਂ ਅੱਗ-ਭੱਠੀਆਂ ਦੀ ਅੱਗ
ਅਸੀਂ ਤਾਂ ਪੈਦਾ ਕਰਦੇ ਹਾਂ ਧੂੰਏਂ ਦਾ ਦੈਂਤ !
੦

## ਕੂਪਲੇਨ ਵਿਚ ਹਨੇਰਾ—ਤਿੰਨ

ਹਨੇਰਾ ਬਾਜ਼ਾਂ ਦੀ ਟੋਲੀ ਵਾਂਗੂੰ
ਆਪਣੀ ਚੁੰਝ ਵਿਚ
ਭੁੱਖ, ਨੀਂਦ, ਅਤੇ ਥਕਾਵਟ ਦੀਆਂ ਚਿੜੀਆਂ ਨੂੰ ਦਬਾਈ
ਉਤਰ ਚੁੱਕਾ ਹੈ !
ਘੁੱਪ ਹਨੇਰਾ
ਮਾਨੋ, ਕੋਲਾਖਾਨਾ ਨੇ
ਆਪਣੇ ਅੰਦਰਲਾ ਹਨੇਰਾ ਉਗਲ ਦਿਤਾ ਹੋਵੇ ।
ਚਾਰ ਚੁਫੇਰੇ ਉਚਾਈਆਂ ਉਤੇ
ਟਿਮਟਮਾਉਂਦੀਆਂ ਬੱਤੀਆਂ
ਅਸਮਰਥ ਹਨ
ਕੂਪਲੇਨ ਵਿਚ ਫੈਲੇ ਇਸ ਹਨੇਰੇ ਨੂੰ
ਦੂਰ ਕਰਨ ਤੋਂ ।

ਖੂਹ ਦੀ ਗਹਿਰਾਈ ਵਿਚ ਵਸੀ ਹੈ ਇਹ ਬਸਤੀ
ਸ਼ਾਇਦ ਇਸੇ ਕਰਕੇ ਇਸਦਾ ਨਾਂ ਹੈ
'ਕੂਪਲੇਨ' !
ਏਥੇ ਬਿਜਲੀ ਹਮੇਸ਼ਾਂ ਗਾਇਬ ਰਹਿੰਦੀ ਹੈ ।
(ਜਦ ਕਿ ਬਹੁਤੇ ਘਰਾਂ ਵਿਚ ਬਿਜਲੀ
ਲੱਗੀ ਵੀ ਨਹੀਂ ਹੈ)

ਏਥੇ ਪੀਣ ਵਾਲੇ ਪਾਣੀ ਦਾ ਟਰੱਕ
ਹਫਤੇ ਵਿਚ ਇਕ ਵਾਰ ਆਉਂਦਾ ਹੈ ।
ਏਥੇ ਮਕਾਨਾ ਦੀ ਮੁਰੰਮਤ
ਕਦੇ ਨਹੀਂ ਕੀਤੀ ਜਾਂਦੀ ।
ਏਥੇ ਸਫੈਦ ਕੱਪੜਿਆਂ ਵਿਚ ਸਿਰਫ
ਸੂਦਖੋਰ ਆਉਂਦੇ ਹਨ ।

ਏਥੇ ਸਿਰਫ ਮਜ਼ਦੂਰ ਰਹਿੰਦੇ ਹਨ
ਭੁੱਖ ਮਾਰਨ ਲਈ ਰੋਟੀਆਂ ਦਾ ਹੀਲਾ ਕਰਨ
ਅਤੇ ਰੋਟੀਆਂ ਲਈ
ਕਾਨਾ ਵਿਚ ਹੱਡੀਆਂ ਤੁੜਾਉਣ ਲਈ ਮਜਬੂਰ
ਏਥੇ ਸਿਰਫ਼ ਮਜ਼ਦੂਰ ਰਹਿੰਦੇ ਹਨ ।

ਏਥੇ ਭਾਸ਼ਾ
ਜਾਂ ਤਾਂ ਰੋਟੀਆਂ ਮੰਗਦੀ ਹੈ
ਜਾਂ ਸੂਦਖੋਰਾਂ ਅੱਗੇ ਗਿੜਗੜਾਉਂਦੀ ਹੈ
ਜਾਂ ਚਲਾਕ ਯੂਨੀਅਨ-ਬਾਜ਼ਾਂ ਦੇ
ਲੁਭਾਵਣੇ ਸੁਰਾ ਵਿਚ ਸੁਰ ਮਿਲਾਉਂਦੀ ਹੈ
ਜਾਂ ਦਾਰੂ ਪੀ ਕੇ
ਪਤਨੀ ਅਤੇ ਬੱਚਿਆਂ ਨੂੰ ਕੁੱਟਦੇ ਸਮੇਂ
ਆਦਮੀ ਅੰਦਰਲੀ ਹੈਵਾਨੀਅਤ ਨੂੰ
ਆਕਾਰ ਦਿੰਦੇ ਹੋਏ ਚੀਕਦੀ ਹੈ
ਜਾਂ ਫਿਰ ਸਭ ਕਾਸੇ ਨੂੰ ਪੀ ਕੇ
ਚੁੱਪਚਾਪ ਅੱਖਾਂ ਵਿਚੋਂ ਵਹਾ ਤੁਰਦੀ ਹੈ
ਪਰ ਕਦੇ ਵੀ ਇਹ ਕਵਿਤਾ ਨਹੀਂ ਬਣਦੀ
ਹਾਲਾਂ ਕਿ ਏਥੇ
ਭਾਸ਼ਾ ਅੱਖਾਂ ਵਿਚੋਂ ਵਗਣ ਦੀ ਬਜਾਇ
ਅੱਖਾਂ ਵਿਚ ਦਹਿਕਣ ਲਈ
ਕਵਿਤਾ ਦੀ ਬਹੁਤ ਜ਼ਰੂਰਤ ਹੈ
ਅਤੇ ਉਸਤੋਂ ਵੀ ਕਿਤੇ ਜ਼ਿਆਦਾ
ਇਕ ਮਜ਼ਬੂਤ ਹਥੇਲੀ ਦੀ ਜ਼ਰੂਰਤ ਹੈ
ਹਥੇਲੀਆਂ ਨੂੰ ਇਕ-ਜੁੱਟ ਕਰਨ ਲਈ।

ਔਹ ਸਾਹਮਣੇ ਧਰਤੀ ਉਤੇ
ਧਰਤੀ ਵਾਂਗ ਪਈ ਹੈ ਮੇਰੀ ਪਤਨੀ !
ਉਸਦੀ ਬੁੱਕਲ ਵਿਚ ਕੂੜੇ ਦਾ ਢੇਰ ਨਹੀਂ
ਮੇਰਾ ਬੇਟਾ ਹੈ !
ਚਹੁੰਆਂ ਦਿਸ਼ਾਵਾਂ ਵਿਚ ਵਿਛੀ
ਚਾਰ ਲੱਕੜੀਆਂ ਵਿਚਕਾਰ
ਇਕ ਵੱਡੀ ਖੁੰਭ ਦੀ ਤਰ੍ਹਾਂ
ਉੱਭਰਿਆ ਹੋਇਆ ਹੈ ਜਿਸਦਾ ਪੇਟ !

ਆਖਿਰ ਮੇਰੇ ਇਸ ਬੱਚੇ ਦੇ ਹੱਥ ਪੈਰ
ਬਾਂਸ ਵਾਂਗੂ ਸੁੱਕੇ ਕਿਉਂ ਨੇ ?
ਮੇਰੀ ਪਤਨੀ ਦੇ ਅੱਖਾਂ ਅਤੇ ਪੇਟ ਨੇ
ਇਕ ਦੂਸਰੇ ਤੋਂ ਜ਼ਿਆਦਾ ਧਸਦੇ ਰਹਿਣ ਦੀ
ਬਾਜ਼ੀ ਕਿਉਂ ਲਾ ਰੱਖੀ ਹੈ ?

ਕੋਈ ਨਹੀਂ ਦੇਵੇਗਾ ਜੁਆਬ
ਅਤੇ ਅਸੀਂ ਹੁਣ
ਸਿਰਫ ਸਵਾਲ ਬਣਕੇ ਤਾਂ
ਜਿਉਣਾ ਨਹੀਂ ਚਾਹੁੰਦੇ !
ਕੋਈ ਨਹੀਂ ਦੇਵੇਗਾ ਰੋਸ਼ਨੀ
ਅਤੇ ਅਸੀਂ ਹੁਣ ਇਸ ਨ੍ਹੇਰੇ ਨੂੰ
ਪੀਣਾ ਨਹੀਂ ਚਾਹੁੰਦੇ !

ਐ ! ਰੋਸ਼ਨੀ ਨਾਲ ਖੇਡਣ ਵਾਲਿਓ !
ਚਾਨਣ ਦੀ ਦੁਨੀਆਂ ਦੇ
ਤਮਾਮ ਸਫੈਦਪੋਸ਼ ਪਰਜੀਵੀ ਲੋਕੋ !
ਜ਼ਰਾ ਹਿਸਾਬ ਲਾਓ
ਕਿ ਤੁਹਾਡੇ ਰੋਜ਼ ਰੋਜ਼ ਦੇ ਖਾਣੇ ਵਿਚ
ਕਿਤਨਾ ਸਾਡੀਆਂ ਰਗਾਂ ਦਾ
ਤਾਜ਼ਾ ਗਰਮ ਖੂਨ ਹੁੰਦਾ ਹੈ ?
ਕਿਤਨਾ ਸਾਡੇ ਪੁੱਤਰਾਂ ਦੇ ਸੀਨਿਆਂ ਦਾ
ਨਰਮ ਨਰਮ ਮਾਸ ਹੁੰਦਾ ਹੈ ?
ਅਤੇ ਕਿੰਨੀਆਂ ਸਾਡੀਆਂ ਔਰਤਾਂ ਦੀਆਂ
ਖੂਨ ਵਿਚ ਲੱਥਪੱਥ ਮਿੱਝ-ਭਰੀਆਂ
ਹੱਡੀਆਂ ਹੁੰਦੀਆਂ ਹਨ ?
ਜ਼ਰਾ ਹਿਸਾਬ ਲਾਓ !

ਚਾਹੇ ਸਾਡੇ ਦੁੱਖਾਂ-ਦਰਦਾਂ ਦੀ
ਕਵਿਤਾ ਸੁਣਾਓ
ਜਾਂ ਭਾਸ਼ਣਾਂ ਵਿਚ ਤੋਪ ਚਲਾਓ
ਪਰ ਅੱਜ ਜਾਣ ਲਓ
ਕਿ ਕਵਿਤਾ ਅਤੇ ਭਾਸ਼ਨ ਨਾਲ
ਹੁਣ ਕੁਝ ਨਹੀਂ ਹੋਵੇਗਾ
ਹੁਣ ਜੋ ਕੁਝ ਵੀ ਹੋਵੇਗਾ
ਹਥਿਆਰਾਂ ਨਾਲ ਹੋਵੇਗਾ ।
ਸਾਨੂੰ ਪਤਾ ਹੈ
ਸਾਡਾ ਜੋ ਕੁਝ ਵੀ ਲੁੱਟਿਆ ਜਾ ਰਿਹਾ ਹੈ
ਹਥਿਆਰਾਂ ਨਾਲ ਹੀ ਲੁੱਟਿਆ ਜਾ ਰਿਹਾ ਹੈ !

ਔਹ ਉਸਦੀ ਪੇਟੀ ਨਾਲ ਬੰਨਿਆਂ
ਇਕ ਰਿਵਾਲਵਰ ਹੀ ਤਾਂ ਹੈ
ਜੋ ਸਾਡੇ ਹੱਥਾਂ ਨੂੰ
ਉਸਦੀਆਂ ਰਗਾਂ ਤਕ ਨਹੀਂ ਪਹੁੰਚਣ ਦਿੰਦਾ !

ਕੀ ਤੁਸੀਂ ਮੈਨੂੰ ਦੇ ਸਕਦੇ ਹੋ ?
ਕਵਿਤਾ ਨਹੀਂ
ਭਾਸ਼ਨ ਨਹੀਂ
ਇਕ ਰਿਵਾਲਵਰ ?
ਇਕ ਰਿਵਾਲਵਰ
ਅਤੇ ਗੋਲੀਆਂ ਨਾਲ ਭਰੀ ਇਕ ਪੂਰੀ ਪੇਟੀ ?

ਤੁਸੀਂ ਤਾਂ ਸੰਵਿਧਾਨ ਦੇ ਨਿਯਮਾਂ
ਅਤੇ ਸੰਸਦ ਦੀ ਕਾਰਵਾਈ ਉਤੇ
ਭਾਸ਼ਨ ਦਿਓਗੇ ।

ਉਹ ਸੰਵਿਧਾਨ ਦੇ ਪੰਨਿਆਂ ਦਾ
ਭੂੰਨਾ ਬਣਾ ਕੇ
ਸਾਡਾ ਖੂਨ ਪੀਂਦਾ ਹੈ
ਮਜ਼ਦੂਰਾਂ ਦੀ ਭਲਾਈ ਲਈ
ਸੰਸਦੀ ਰੀਪੋਟ ਨਾਲ ਭਰੇ
ਸਮਾਚਾਰ-ਪੱਤਰ ਵਿਛਾ ਕੇ
ਮੇਰੀ ਪਤਨੀ ਦੀ ਪੱਤ ਲੁੱਟਦਾ ਹੈ
ਅਤੇ ਤੁਸੀਂ ਮਲ੍ਹਾਰ ਗਾਉਂਦੇ ਹੋ
ਸੰਸਦ ਅਤੇ ਸੰਵਿਧਾਨ ਦੇ ਨਾਮ !
ਉਸਦੇ ਲਈ ਅਸੀਂ
ਮਹਿਜ਼ ਇਕ ਚਾਲੂ ਮਸ਼ੀਨ ਹਾਂ
ਅਤੇ ਸਾਡੇ ਬੱਚੇ ਕੱਚਾ ਮਾਲ !

ਉਹ ਮਜ਼ਦੂਰ ਨੂੰ
ਗੰਨੇ ਵਾਂਗ ਪੀੜਦਾ ਹੈ
ਅਤੇ ਤੂੜੀ ਵਾਂਗ ਕੁਤਰਦਾ ਹੈ;
ਤਮਾਕੂ ਵਾਂਗ ਮਸਲ ਕੇ
ਆਪਣੀ ਸਿਗਰਟ ਭਰ ਲੈਂਦਾ ਹੈ ।
ਜਦ ਕਿ ਤੁਹਾਡੇ ਲਈ ਮਜ਼ਦੂਰ

ਇਕ ਕਿਤਾਬੀ ਵਸਤੂ ਹੈ
ਜਿਸਨੂੰ ਆਪ ਜੀ ਕਲਮ
ਅਤੇ ਜ਼ਬਾਨ ਨਾਲ ਪਿਆਰ ਕਰਦੇ ਹੋ !

ਉਹ ਸਾਨੂੰ ਦੇਖ ਕੇ
ਆਦਮਖੋਰ ਵਾਂਗ ਗੁਰ੍ਹਾਂਦਾ ਹੈ
ਅਤੇ ਤੁਸੀਂ ਗਦਗਦ ਹੋ ਜਾਂਦੇ ਹੋ !
ਹਰ ਵਾਰ ਉਸਦੇ ਅਤਿਆਚਾਰਾਂ ਸਾਹਮਣੇ
ਗੱਤੇ ਦੇ ਸੁਦਰਸ਼ਨ-ਚੱਕਰ ਵਾਂਗ
ਨਿਰਾਰਥਕ ਹੋ ਜਾਂਦੀ ਹੈ ਆਪ ਦੀ ਕਵਿਤਾ !

o

ਪੰਦਰਾਂ ਅਗਸਤ ਦੇ ਨਾਂ—

## *ਕਿਹੜੀ ਆਜ਼ਾਦੀ ?*

o

## ਹਰਜੀਤ ਦੌਧਰੀਆ

ਤੁਸੀਂ
ਸਾਨੂੰ
ਕਿਹੜੀ ਆਜ਼ਾਦੀ ਬਖਸ਼ੀ ਜਨਾਬ ?
ਗੋਹਾ-ਕੂੜਾ ਕਰਨ ਦੀ ! ਉਹ ਵੀ ਤੁਹਾਡਾ !!
ਜੂਠੇ-ਭਾਂਡੇ ਮਾਂਜਣ ਦੀ ! ਉਹ ਵੀ ਤੁਹਾਡੇ !!
ਮਾਲ-ਡੰਗਰ ਸਾਂਭਣ ਦੀ ! ਉਹ ਵੀ ਤੁਹਾਡੇ !!
ਬੁੱਤੀਆਂ ਕਰਨ ਦੀ ! ਉਹ ਵੀ ਤੁਹਾਡੀਆਂ !!
ਸ਼ਾਨੀਆਂ ਭਰਨ ਦੀ ! ਉਹ ਵੀ ਤੁਹਾਡੀਆਂ !!
ਪੰਜੀਂ ਸਾਲੀਂ ਵੋਟ ਪਾਉਣ ਦੀ ! ਉਹ ਵੀ ਤੁਹਾਨੂੰ !!
ਕੁੱਤਿਆਂ-ਬਿੱਲਿਆਂ ਤੋਂ ਲੱਤਾਂ ਪੜਵਾਉਣ ਦੀ !
ਉਹ ਵੀ ਤੁਹਾਡੇ ਡੱਬੂ !!!
ਜੀਪਾਂ ਹੇਠਾਂ ਦਰੜੇ ਜਾਣ ਦੀ ! ਉਹ ਵੀ ਤੁਹਾਡੀਆਂ !!
ਛਾਤੀਆਂ 'ਚ ਗੋਲੀਆਂ ਖਾਣ ਦੀ ! ਉਹ ਵੀ ਤੁਹਾਥੋਂ !!

ਤੁਹਾਡੀ
ਸੁਤੰਤਰਤਾ ਤਾਂ
ਨਿਰਾ ਪੁਰ ਛਲਾਵਾ ਹੈ ਜਨਾਬ !
ਦਰਅਸਲ ਇਹ ਤਾਂ
ਤੁਹਾਡਾ ਉਤਿਆ ਹੋਇਆ ਆਵਾ ਹੈ ਜਨਾਬ !
ਅਜੇ ਤਾਂ
ਸਰਵਹਾਰੇ ਨੇ
ਹੱਕ-ਹਿੱਕ ਦਾ ਜ਼ੋਰ ਇਕੱਠਾ ਕਰਕੇ
ਪਾਰਾ ਡਾਰ ਪਾ ਕੇ
ਨਵੀਂ ਨਵੇਲ ਆਜ਼ਾਦੀ ਲੈਣੀ ਐ
ਫੇਰ ਕਿਤੇ ਜਾ ਕੇ
ਗਹਿ ਨਾਲ ਗਹਿ ਬਹਿਣੀ ਐਂ !! o

## ਅੱਜ ਤੇ ਕਲ

o

## ਪ੍ਰੀਤਮ ਬੇਲੀ

1
ਉਹ ਜੋ ਅੱਜ
ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ 'ਚ,
ਝੁੱਗੀਆਂ ਦੇ ਕੱਖੋ-ਕੱਖ 'ਚ
ਜਨਮ ਲੈਂਦੇ ਹਨ,
ਦੁਰਗੰਧ ਦੇ ਮਾਹੌਲ 'ਚ
ਗੰਦ ਦੇ ਸਾਹ ਲੈਂਦੇ ਹਨ,
ਹੋਸ਼ ਦੇ ਕਿਸੇ ਸੰਭਾਲੇ 'ਚ
ਕਿਹੜੀ ਸੁਗੰਧ ਦੇ ਸੁਪਨੇ ਲੈਣਗੇ ?
ਸੁਪਨਿਆਂ ਦਾ ਸਾਹਸ
ਉਹਨਾਂ ਨੂੰ
ਕਿਹੜੇ ਰਾਹਾਂ ਵਲ ਲੈ ਜਾਏਗਾ ?
ਤੇ ਜੇ ਰਾਹ ਕੋਈ ਨਾ ਲਭਿਆ
ਤਾਂ ਉਹਨਾਂ ਦਾ ਗਰਮ ਲਹੂ
ਕਿਹੜੀ ਅੱਤ ਚੁਕਾਏਗਾ ?

2
ਇਹ ਜਾਗਦਾ ਵਿਧਾਨ ਏ
ਕਿ ਵਿਧੀ ਦਾ ਲੇਖ ?
ਕੌਣ ਕਰੇਗਾ ਇਸ ਦਾ ਉਲੇਖ ?
ਇਹ ਕਾਲੇ ਕਾਨੂੰਨ ਹਨ
ਕਿ ਸਾਡੀ ਆਜ਼ਾਦੀ ਲਈ
ਕਫ਼ਣ ਦਾ ਸਾਮਾਨ ?
ਫਿਰ ਵੀ ਸੋਚਦੇ ਹੋ,
ਰਹੇਗਾ ਅਮਨ-ਅਮਾਨ ?

3
ਪਰ—
ਮੇਰੇ ਦੇਸ਼ ਦਾ ਭਵਿਖ
ਸੁਤੀਆਂ ਕਲ੍ਹਾਂ ਜਗਾਏਗਾ,
ਜੋ ਫ਼ਨਾਹ ਕਰਨਾ ਹੈ
ਫ਼ਨਾਹ ਕਰੇਗਾ
ਜੋ ਬਣਾਨਾ ਹੈ
ਬਣਾਏਗਾ,
ਸਿਰਜਣਾਂ ਦੇ ਰੰਗ ਸਾਰੇ
ਇੰਜ ਸਜਾਏਗਾ
ਕਿ ਇੰਦਰ-ਧਨੁਸ਼ ਵੀ
ਧਰਤੀ 'ਤੇ ਲਹਿ ਆਏਗਾ,
ਸਾਡੇ ਰੰਗਾਂ ਦੇ ਵਿਚ ਰੰਗ ਕੇ
ਰੰਗੋ-ਰੰਗ ਹੋ ਜਾਏਗਾ ।

o

ਕਹਾਣੀ :

# ਖੰਡਰ ਘਰ ਕਦੋਂ ਬਨਣਗੇ ?

o

## ਹਮਦਰਦਵੀਰ ਨੌਸ਼ਹਿਰਵੀ

—ਵੇ ਤੋਤਿਆ, ਇਹ ਤੂੰ ਮੈਨੂੰ ਕਿਥੇ ਲੈ ਆਂਦਾ ?

—ਤੂੰ ਆਪ ਹੀ ਤਾਂ ਕਹਿੰਦੀ ਸੀ, ਬੜਾ ਚਿਰ ਹੋਇਆ ਸ਼ਹਿਰ ਨਹੀਂ ਵੇਖਿਆ, ਸ਼ਹਿਰ ਵਿਖਾ।

—ਵੇ, ਇਹ ਸ਼ਹਿਰ ਏ ਕਿ ਕੋਈ ਫੌਜੀ ਛਾਉਣੀ। ਚਾਰੇ ਪਾਸੇ ਦੂਰ ਤੱਕ ਕੰਡਿਆਲੀਆਂ ਤਾਰਾਂ ਦੇ ਜੰਗਲੇ। ਹਰ ਪਾਸੇ ਖਾਕੀ ਵਰਦੀਆਂ ! ਲਾਠੀਆਂ ! ਸੰਗੀਨਾਂ !

—ਪਗਲੀਏ, ਇਹ ਕੋਈ ਆਮ ਸ਼ਹਿਰ ਨਹੀਂ। ਰਾਜਧਾਨੀ ਏ, ਰਾਜਧਾਨੀ। ਤੇ ਇਹਨਾਂ ਕੰਡਿਆਲੀਆਂ ਤਾਰਾਂ ਦੇ ਦਸਵੇਂ ਘੇਰੇ ਅੰਦਰ ਔਹ ਦੂਰ, ਜਿਹੜੀ ਆਲੀਸ਼ਾਨ ਇਮਾਰਤ ਨੂੰ ਵੇਖ ਰਹੀ ਏਂ, ਝੰਡੇ ਵਾਲੀ—ਇਹ ਅਸੈਂਬਲੀ ਹਾਲ ਏ। ਜਿਥੇ ਕਾਨੂੰਨ ਬਣਦੇ ਨੇ। ਲੋਕਾਂ ਦੀ ਕਿਸਮਤ ਦਾ ਫੈਸਲਾ ਹੁੰਦਾ ਏ। ਲੋਕਾਂ ਵਲੋਂ ਚੁਣੇ ਹੋਏ ਪ੍ਰਤੀਨਿਧ ਇਕ ਦੂਜੇ ਨੂੰ ਚੋਣਵੀਆਂ ਗਾਲ੍ਹਾਂ ਕੱਢਣ ਦਾ ਅਭਿਆਸ ਕਰਦੇ ਨੇ।

—ਚੱਲ ਖਾਂ, ਰਤਾ ਲਾਗੇ ਜਾ ਕੇ ਵੇਖੀਏ।

—ਨਾ ਨਾ, ਏਥੋਂ ਅੱਗੇ ਨਹੀਂ, ਅੱਗੇ ਦਫਾ 144 ਲਗੀ ਹੋਈ ਏ।

—ਦਫਾ 144 ? ਇਹ ਕੀ ਹੁੰਦੀ ਏ ?

—ਇਕ ਸਦੀ ਪਹਿਲਾਂ ਅੰਗਰੇਜ਼ਾਂ ਵਲੋਂ ਪਾਸ ਕੀਤੇ ਗਏ ਕਾਨੂੰਨ ਦੀ ਧਾਰਾ ਏ—ਤਾਂ ਕਿ ਲੋਕ ਇਕੱਠੇ ਨਾ ਹੋ ਸਕਣ।

—ਪਰ ਇਹ ਹੁਣ ਵੀ ਲਾਗੂ ਏ। ਕੀ ਆਪਾਂ ਦੋਵੇਂ ਵੀ ਇਕੱਠੇ ਨਹੀਂ ਹੋ ਸਕਦੇ ?

—ਆਪਾਂ ਕਿਉਂ ਨਹੀਂ ਇਕੱਠੇ ਹੋ ਸਕਦੇ। ਛੱਡ ਇਹਨਾਂ ਗੱਲਾਂ ਨੂੰ ਹੁਣ। ਮੈਨੂੰ ਤਾਂ ਬੜੀ ਭੁੱਖ ਲੱਗੀ ਏ। ਚਲ ਕਿਤੋਂ ਕੁਝ ਖਾਣ ਨੂੰ ਲਭੀਏ।

—ਕਿਸੇ ਵੱਡੇ ਹੋਟਲ ਲੈ ਚਲ। ਸ਼ਹਿਰ ਵਿਖਾਉਣ ਲਿਆਇਆ ਏਂ ? ਢਾਬੇ ਤੋਂ ਚੌਲ ਖਵਾਏਂਗਾ ?

—ਆਪਾਂ ਦੇਸ਼ ਦੇ ਇਕ ਸਭ ਤੋਂ ਵੱਡੇ ਹੋਟਲ—ਅਸ਼ੋਕਾ ਹੋਟਲ ਚਲਦੇ ਆਂ। ਸ਼ਾਕਾਹਾਰੀ ਅਸ਼ੋਕ ਦੇ ਨਾਮ ਤੇ ਬਣਿਆ ਹੋਇਆ ਮਾਸਾਹਾਰੀ ਹੋਟਲ। ਦੁਨੀਆਂ ਦਾ ਹਰ ਕਿਸਮ ਦਾ ਮਾਸ ਏਥੇ ਸਪਲਾਈ ਹੁੰਦਾ ਏ—ਭੁੱਜਾ ਹੋਇਆ ਵੀ ਤੇ ਜੀਊਂਦਾ ਵੀ।

—ਜੀਊਂਦਾ ਮਾਸ ?

—ਸੁੰਦਰ ਜਵਾਨ ਜੀਊਂਦਾ ਮਾਸ।

—ਅਜੀਬ ਏ, ਮੈਂ ਤਾਂ ਜੀਊਂਦਾ ਮਾਸ ਕਦੀ ਨਾ ਖਾਵਾਂ।

ਤੋਤਾ ਤੇ ਮੈਨਾ ਅਸ਼ੋਕਾ ਹੋਟਲ ਦੇ ਪਿਛਵਾੜੇ ਇਕ ਇਕ ਚੁਬਾਰੇ ਦੀ ਮਮਤੀ ਉੱਤੇ ਜਾ ਬੈਠੇ। ਜੂਠ ਦੇ ਨਿੱਕੇ ਨਿੱਕੇ ਕੁਝ ਢੇਰ ਲੱਗੇ ਹੋਏ ਸਨ। ਠੇਕੇਦਾਰ ਇਹਨਾਂ ਢੇਰਾਂ ਦੀ ਨੀਲਾਮੀ ਕਰ ਰਹੇ ਸਨ। ਲਾਗੇ ਹੀ ਹੋਟਲ ਦੇ ਅੰਦਰੋਂ ਬਾਹਰ ਆ ਰਹੀਆਂ ਨਾਲੀਆਂ ਸਾਹਮਣੇ ਕੁਝ ਬੇਹਾਲ ਲੋਕਾਂ ਨੇ ਲੋਹੇ ਦੀਆਂ ਬਰੀਕ ਤਾਰਾਂ ਦੀਆਂ ਛਾਨਣੀਆਂ ਲਾਈਆਂ ਹੋਈਆਂ ਸਨ।

—ਇਹ ਸਭ ਕੁਝ ਕੀ ਹੋ ਰਿਹਾ ਏ, ਵੇ ਤੋਤਿਆ।

—ਮੇਰੀ ਪਿਆਰੀ ਮੈਨਾ, ਤੈਨੂੰ ਨਹੀਂ ਪਤਾ ਏਥੇ ਮਨੁੱਖ ਜ਼ਿੰਦਗੀ ਕਿਵੇਂ ਜੀ ਰਹੇ ਨੇ ? ਜੂਠ ਵਿਕ ਰਹੀ ਹੈ—ਬਾਅਦ ਵਿਚ ਇਹ ਗੰਦੇ ਨਾਲੇ ਦੇ ਕੰਢੇ ਉੱਤੇ ਫੈਲੀਆਂ ਗੰਦੀਆਂ ਬਸਤੀਆਂ, ਝੁੱਗੀਆਂ, ਕੁੱਲੀਆਂ ਦੇ ਅੱਗੇ ਵੇਚੀ ਜਾਵੇਗੀ।—ਨਾਲੀਆਂ ਉੱਤੇ ਲਾਈਆਂ ਜਾਲੀਆਂ ਜਿਹੜੀਆਂ ਤੂੰ ਵੇਖ ਰਹੀ ਏਂ—ਇਹ ਜੂਠੇ ਬਰਤਣ ਧੋਣ ਵੇਲੇ ਨਾਲੀ ਰਾਹੀਂ ਰੁੜ੍ਹ ਕੇ ਆਏ ਚੌਲਾਂ ਦੇ ਦਾਣਿਆਂ ਨੂੰ—ਭੋਰਿਆਂ, ਚੂੰਡੀਆਂ ਹੋਈਆਂ ਸੈਂਖੀਆਂ ਨੂੰ, ਰੋਕਣ ਲਈ ਹਨ। ਕਈ ਪਰਵਾਰ ਇਹਨਾਂ ਨਾਲੀਆਂ ਦੇ ਸਹਾਰੇ ਹੀ ਆਪਣੀ ਭੁੱਖ ਮਿਟਾਂਦੇ ਹਨ। ਆ, ਆਪਾਂ ਵੀ ਚੌਲਾਂ ਦੇ ਕੁੱਝ ਦਾਣੇ ਲਭੀਏ। ਬੜੀ ਭੁੱਖ ਲਗੀ ਏ।

—ਨਾ ਨਾ ਮੈਂ ਤਾਂ ਇਹ ਜੂਠ ਕਦੀ ਨਾ ਖਾਵਾਂ। ਮੈਂ ਕੋਈ ਮਨੁੱਖ ਥੋੜੀ ਆਂ। ਤੂੰ ਵੀ ਜੇ ਜੂਠ ਨੂੰ ਮੂੰਹ ਲਾਇਆ ਤਾਂ ਤੇਰਾ ਮੇਰਾ ਕੋਈ ਵਾਸਤਾ ਨਹੀਂ ਹੋਵੇਗਾ। ਚਲ ਆਪਾਂ ਸ਼ਹਿਰੋਂ ਬਾਹਰ ਹਡੋਰੋੜੇ ਚਲੇ ਹਾਂ। ਉਥੇ ਨਾ ਜੀਊਂਦਾ ਮਾਸ ਖਾਣਾ ਪਵੇਗਾ ਤੇ ਨਾ ਹੀ ਅਮੀਰਾਂ ਦੀ ਜੂਠ।

ਪਰੰਪਰਾ ਅਤੇ ਪ੍ਰਗਤੀਵਾਦ—ਡਾਕਟਰ ਸੁਰਜੀਤ ਹਾਂਸ ਵਲੋਂ ਗੁਰੂ ਨਾਨਕ ਸਾਹਿਬ ਦੇ ਸੌ ਸ਼ਬਦਾਂ ਦੀ ਵਿਆਖਿਆ ਅਤੇ ਉਹਨਾਂ ਦੀ ਕਾਵਿ ਜੁਗਤੀ ਅਜ ਦੀ ਕ੍ਰਾਂਤੀਕਾਰੀ ਕਵਿਤਾ ਵਾਸਤੇ ਚਾਨਣ ਮੁਨਾਰਾ 8/- ਦੀਆਂ ਡਾਕ ਟਿਕਟਾਂ ਭੇਜਕੇ ਅਦਾਰਾ ਸਮਤਾ ਕੋਲੋਂ ਮਿਲ ਸਕਦੀਆਂ ਹਨ।

ਇਸੇ ਤਰ੍ਹਾਂ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਗੁਰਸ਼ਰਨ ਸਿੰਘ ਦੇ ਨਾਟਕ ਚਾਂਦਨੀ ਚੌਕ ਤੋਂ ਸਰਹਿੰਦ ਤਕ 3/-, ਘੁੰਮਣ ਘੇਰੀ 3/-, ਬੰਦ ਕਮਰੇ 3/-, ਆਤਮਜੀਤ ਦੇ ਨਾਟਕ ਹੀ ਨਾਟਕ 3/-, ਪ੍ਰੋ: ਗੁਰਦਿਆਲ ਸਿੰਘ ਫੁੱਲ ਦੇ ਨਾਟਕ ਬੰਦਾ ਬਹਾਦਰ 3/- ਇਸ ਕੀਮਤ ਦੀਆਂ ਡਾਕ ਟਿਕਟਾਂ ਭੇਜਕੇ ਅਦਾਰਾ ਸਮਤਾ ਕੋਲੋਂ ਮਿਲ ਸਕਦੀਆਂ ਹਨ। ਵੀ. ਪੀ. ਪੀ. ਨਹੀਂ ਭੇਜੀ ਜਾਂਦੀ/ਅਦਾਰਾ ਸਮਤਾ।

ਤੋਤਾ ਤੇ ਮੈਨਾ ਹਡੌਰੋੜੇ ਵਿਚ ਖੜੀ ਇਕ ਸੁੱਕੀ ਕਿੱਕਰ ਦੀ ਹੇਠਲੀ ਟਾਹਣੀ ਉੱਤੇ ਬਹਿ ਗਏ। ਟੀਸੀ ਉੱਤੇ ਗਿਰਝਾਂ ਬੈਠੀਆਂ ਹੋਈਆਂ ਹਨ। ਨਵੇਂ ਵਾਹੇ ਵਾਹਣ ਦੀ ਪੈਲੀ ਵਿਚ ਮੁਰਦਾਰ ਖਾ ਕੇ ਰੱਜੇ ਕੁੱਤੇ ਲੇਟੇ ਹੋਏ ਸਨ। ਕੁਝ ਕੁੱਤਾ-ਕੁੱਤੀ ਜੋੜੇ ਆਪਸ ਵਿਚ ਪਿਆਰ ਕਰ ਰਹੇ ਸਨ।

ਨਗਰ ਨਿਗਮ ਦੇ ਸੇਵਾਦਾਰ ਰੇਹੜੀ ਉਤੇ ਪਾਈ ਇਕ ਅਵਾਰਾ ਬੁੱਢੀ ਗਾਂ ਲਿਆਏ, ਜਿਹੜੀ ਸ਼ਾਇਦ ਸ਼ਹਿਰ ਦੇ ਕਿਸੇ ਚੌਰਾਹੇ ਵਿਚ ਪਏ ਗੰਦ ਦੇ ਢੇਰ ਉੱਤੇ ਮਰੀ ਪਈ ਪਾਈ ਗਈ ਸੀ। ਹਡੌਰੋੜੇ ਦੇ ਟੋਏ ਵਿਚ ਗਾਂ ਸੁੱਟ ਕੇ, ਉਹ ਪਰਾਂਹ ਚਲਦੇ ਟਿਊਬਵੈੱਲ ਉਤੇ ਪਾਣੀ ਪੀਣ ਤੇ ਮੂੰਹ ਹੱਥ ਧੋਣ ਚਲੇ ਗਏ। ਪਤਾ ਨਹੀਂ, ਇਕ ਮੋਟਰ ਸਾਈਕਲ ਇਕ ਦਮ ਕਿਥੋਂ ਆ ਧਮਕਿਆ। ਕਾਹਲੀ ਨਾਲ ਦੋ ਨੌਜਵਾਨ ਉਤਰੇ। ਉਹਨਾਂ ਦੇ ਮੂੰਹ ਸਿਰ ਚਿੱਟੇ ਕਪੜੇ ਨਾਲ ਬੱਧੇ ਹੋਏ ਸਨ—ਸਿਰਫ ਅੱਖਾਂ ਦੇ ਗਹਿਰੇ ਡੇਲੇ ਤੇਜ਼ੀ ਨਾਲ ਅੱਗੇ ਪਿਛੇ ਤੱਕ ਰਹੇ ਸਨ। ਹੱਥਾਂ ਉੱਤੇ ਕਾਲੇ ਦਸਤਾਨੇ ਪਾਏ ਹੋਏ ਸਨ। ਦਸਤਾਨਿਆਂ ਹੇਠਾਂ ਛਪੀਆਂ ਹੋਈਆਂ ਉਂਗਲਾਂ ਵਿਚ ਕੈਂਚੀਆਂ ਸਨ।

ਦੋਵੇਂ ਨੌਜਵਾਨ ਕਾਹਲੀ ਕਾਹਲੀ ਟੋਏ ਵਿਚ ਉਤਰੇ। ਹੁਣੇ ਸੁੱਟੀ ਗਾਂ ਦੀ ਪੂਛ ਕੱਟੀ ਅਤੇ ਦੂਜੇ ਨੇ ਦੋਹਾਂ ਕੰਨਾਂ ਦੀਆਂ ਨੋਕਾਂ। ਆਪਣੇ ਕਮੀਜ਼ ਦੀ ਅੰਦਰਲੀ ਜੇਬ ਵਿਚ ਮਾਲ ਤੇ ਕੈਂਚੀਆਂ ਲੁਕਾ ਕੇ ਉਹ ਮੋਟਰ ਸਾਈਕਲ ਉੱਤੇ ਸਵਾਰ ਹੋ ਕੇ, ਥੋੜਾ ਕੁ ਅਗਾਂਹ ਜਾ ਕੇ ਕਿਸੇ ਹੋਰ ਸੜਕੇ ਪੈ ਗਏ।

—ਮੈਨੂੰ ਤੇ ਡਰ ਲਗਦਾ ਏ ਪਿਆਰੇ।

—ਕਿਉਂ ?

—ਹਡੌਰੋੜੇ ਵਿਚ ਇਹ ਖੁਫੀਆ ਜਹੇ ਬੰਦੇ !

—ਜਿਵੇਂ ਹਿਟਲਰ ਦੀ ਗੈਸਟਾਪੋ ! ਜਿਵੇਂ ਸ਼ਾਹ ਦੀ ਸੇਵਾਕ !. ਮੂੰਹ ਸਿਰ ਲਪੇਟੇ। ਇਹ ਬੰਦੇ ਦੀ ਜ਼ਾਤ ਹਡੌਰੋੜੇ ਵਿਚ ਵੀ ਆ ਪਹੁੰਚੀ। ਮਰੇ ਹੋਏ ਪਸ਼ੂਆਂ ਨੂੰ ਵੀ ਚੈਨ ਨਹੀਂ ! ਭਲਾ ਇਹ ਪੂਛ ਤੇ ਕੰਨ ਕਟ ਕੇ ਕਿਉਂ ਲੈ ਕੇ ਦੌੜ ਗਏ।

—ਮੇਰਾ ਖਿਆਲ ਹੈ, ਇਹ ਚੀਜ਼ਾਂ ਸ਼ਾਇਦ ਕਿਸੇ ਦਵਾਈ ਬਨਾਉਣ ਦੇ ਕੰਮ ਆਉਂਦੀਆਂ ਹੋਣ।

—ਇਸ ਵਿਚ ਜ਼ਰੂਰ ਕੋਈ ਭੇਦ ਵਾਲੀ ਗੱਲ ਏ। ਚਲ ਆਪਾਂ ਏਥੋਂ ਕਿਤੇ ਹੋਰ ਚੱਲੀਏ ਦੂਰ ਕਿਸੇ ਅਲਬੇਲੇ ਜੱਟ ਦੇ ਟਿਊਬਵੈਲ ਤੋਂ ਘੁੱਟ ਪਾਣੀ ਪੀਵੀਏ। ਇਕਾਂਤ ਵਿਕ ਰਤਾ ਆਰਾਮ ਕਰੀਏ।

ਉਹ ਦੋਵੇਂ ਉਥੋਂ ਉੱਡ ਗਏ। ਕੁਝ ਮੀਲ ਉਹ ਉਡਦੇ ਚਲੇ ਗਏ। ਦੂਰ ਤੱਕ ਫੈਲੇ ਹੋਏ ਖੇਤਾਂ ਵਿੱਚ ਇੱਕ ਥਾਂ ਸੰਘਣੀ ਹਰਿਆਵਲ ਵਿੱਚ ਉਹ ਜਾ ਉਤਰੇ। ਚਲਦੇ ਖਾਲ ਵਿਚੋਂ ਰੱਜ ਕੇ ਪਾਣੀ ਪੀਤਾ ਅਤੇ ਹਰੇ ਕਚੂਰ ਤਤ ਦੀਆਂ ਲਗਰਾਂ ਵਿੱਚ ਅਰਾਮ ਕਰਨ ਲਈ ਜਾ ਬੈਠੇ। ਉਹਨਾਂ ਨੇ ਗੌਹ ਨਾਲ ਵੇਖਿਆ, ਨਾਲ ਹੀ ਦਰਖ਼ਤਾਂ ਦੇ ਝੁੰਡ ਹੇਠਾਂ ਇੱਕ ਵਧੀਆ ਤੇ ਖੁਲ੍ਹੀ ਕੋਠੀ ਸੀ। ਇਹ ਤਾਂ ਲਾਲ ਫਾਰਮ ਸੀ।

ਦੁਪਹਿਰ ਢਲ ਚੁਕੀ ਸੀ। ਗਰਮੀ ਕਾਫੀ ਸੀ। ਹਰੇ ਪੱਤਿਆਂ ਦੀ ਠੰਡਕ ਵਿੱਚ ਛੇਤੀ ਹੀ ਉਹਨਾਂ ਨੂੰ ਨੀਂਦ ਆ ਗਈ।

ਹੇਠਾਂ ਨੇੜੇ ਹੀ ਖੜਾਕ ਹੋਇਆ ਇੱਕ ਨਿੱਕੇ ਜਹੇ ਤੰਬੂ ਵਿਚੋਂ ਤਿੰਨ ਸ਼ਸਤਰਧਾਰੀ ਬੰਦੂਕਾਂ ਤਾਣੀ ਬਾਹਰ ਆ ਗਏ। ਬਾਹਰ ਆ ਰਹੀ ਇੱਕ ਜੀਪ ਉਹਨਾਂ ਰੋਕੀ ਤੇ ਫੇਰ ਕੋਈ ਅੰਦਰ ਲੰਘ ਜਾਣ ਦਿੱਤਾ। ਆਪਣੇ ਹੀ ਬੰਦੇ ਸਨ 'ਸਭ ਹਛਾ ਸੀ !

ਤੋਤਾ ਤੇ ਮੈਨਾ ਪੱਤਿਆਂ ਦੇ ਘੇਰੇ 'ਚੋਂ ਬਾਹਰ ਆ ਗਏ। ਉਹਨਾਂ ਵੇਖਿਆ ਅੰਬਾਂ ਦੀ ਸੰਘਣੀ ਛਾਂ ਹੇਠਾਂ ਪੋਰਟੇਬਲ ਨਾਈਲੋਨ ਦੇ ਮੰਜਿਆਂ ਉੱਤੇ ਦੁੱਧ ਚਿੱਟੀਆਂ ਚਾਦਰਾਂ ਉੱਤੇ ਕਿੰਨੇ ਸਾਰੇ ਸਫੈਦਪੋਸ਼ ਦੁਪਹਿਰ ਦਾ ਭਰਵਾਂ ਖਾਣਾ ਖਾ ਕੇ ਘੁਰਾੜੇ ਮਾਰ ਰਹੇ ਸਨ। ਰਾਤ ਦੇ ਖਾਣੇ ਲਈ, ਕੋਠੀ ਦੇ ਅਹਾਤੇ ਵਿੱਚ ਇੱਕ ਤੰਬੂ ਵਿੱਚ ਭਠੀਆਂ ਮਘ ਰਹੀਆਂ ਸਨ —ਕੜਾਹੀਆਂ ਚੜ੍ਹੀਆਂ ਹੋਈਆਂ ਸਨ—ਮੁਰਗੇ ਛਿੱਲੇ ਜਾ ਰਹੇ ਸਨ। ਹੁਣੇ ਆਈ ਜੀਪ ਵਿੱਚ ਬਰਫ ਵਿੱਚ ਲੱਗੀਆਂ ਦੋ ਦਰਜਣ ਬੋਤਲਾਂ ਆ ਗਈਆਂ ਸਨ।

ਇੱਕ ਨਿਵੇਕਲੇ ਅੰਬ ਹੇਠਾਂ ਦੋ ਮੰਜਿਆਂ ਉਤੇ ਅਧਲੇਟੀ ਹਾਲਤ ਵਿੱਚ ਦੋ ਔਰਤਾਂ ਸਿਰ ਨਾਲ ਸਿਰ ਜੋੜੀ ਗੱਲਾਂ ਕਰ ਰਹੀਆਂ ਸਨ—

—ਸੁਣਿਆ ਏ ਸਵੀਰਾ ਵੀ ਫਾਰਮ ਤੋਂ ਖਿਸਕ ਗਿਆ ਏ।

—ਕਿੰਨਾ ਮੁੱਲ ਪਿਆ ਹੋਵੇਗਾ ? ਦਸ ਲਖ ਕਿ ਮੰਤਰੀ ਕੁਰਸੀ ?

—ਸਾਰੇ ਦੇ ਸਾਰੇ ਦਲਬਦਲੂ ਪਹਿਲਾਂ ਹੀ ਮੰਤਰੀ ਲਏ ਜਾ ਚੁੱਕੇ ਹਨ। ਮੇਰਾ ਖ਼ਿਆਲ ਹੈ ਦਸ ਲਖ ਤੋਂ ਜ਼ਿਆਦਾ ਤੇ ਹੀ ਸੌਦਾ ਹੋਇਆ ਹੋਵੇਗਾ।

—ਆਪਣੇ ਦਲ ਦਾ ਕੀ ਬਣੂ ?

—ਲੱਗਦਾ ਹੈ ਗੱਡੀ ਨਿਕਲ ਚੁਕੀ ਹੈ।

ਮੈਨਾ ਨੇ ਤੂਤ ਤੋਂ ਹੇਠਾ ਉਤਰ ਕੇ ਪੁਛਿਆ— ਭੈਣ ਜੀ, ਕੀ ਫਾਰਮ ਉਤੇ ਕੋਈ ਬਾਰਾਤ ਠਹਿਰੀ ਹੋਈ ਏ ?

—ਨਹੀਂ ਨੀ ਝੱਲੀਏ, ਪ੍ਰਾਂਤ ਦੇ ਵਿਧਾਇਕ ਮੈਦਾਨ-ਦਰਸ਼ਕ ਉਤੇ ਆਏ ਨੇ।

—ਤੇ ਦੂਜੇ ਦਲ ਦੇ ਵਿਧਾਇਕ ਪਹਾੜ ਦਰਸ਼ਨ ਉੱਤੇ ਗਏ ਹੋਣਗੇ ? ਮੈਨਾ ਬੋਲੀ।

—ਹਾਂ, ਤੂੰ ਠੀਕ ਬੁਝਿਆ। ਇਸਤਰੀ ਵਿਧਾਇਕ ਨੇ ਕਿਹਾ।

—ਪਰ ਭੈਣ ਜੀ, ਇਹ ਚਾਰੇ ਪਾਸੇ ਪਹਿਰਾ ਕਿਉਂ ਏ ? ਇਸ ਤਰ੍ਹਾਂ ਲਗਦਾ ਏ, ਜਿਵੇਂ ਓਪਨ ਏਅਰ ਜੇਲ੍ਹ ਹੋਵੇ।

—ਕਮਲੀਏ, ਲੋਕ ਰਾਜ ਨੂੰ ਦੁਸ਼ਮਣਾਂ ਤੋਂ ਬਹੁਤ ਖਤਰਾ ਏ। ਬਹੁਮਤ ਬਨਾਉਣੀ ਤੇ ਫੇਰ ਕਾਇਮ ਰਖਣੀ ਜ਼ਰੂਰੀ ਏ।

'ਕਮਾਲ ਏ' ਕਹਿ ਕੇ ਮੈਨਾ ਫੇਰ ਆਪਣੇ ਤੋਤੇ ਪਾਸ ਜਾ ਬੈਠੀ—ਚਲ ਵੇ ਤੋਤਿਆ, ਚਲੀਏ। ਇਹ ਥਾਂ ਵੀ ਆਪਣੇ ਬੈਠਣ ਦੀ ਨਹੀਂ।

ਤੋਤਾ ਹੇਠਾਂ ਜ਼ਮੀਨ ਵਲ ਗੌਹ ਨਾਲ ਵੇਖਦਾ ਰਿਹਾ। ਕੁਝ ਨਾ ਬੋਲਿਆ।

—ਵੇ ਨੀਝ ਲਾਈ ਕੀ ਵੇਖ ਰਿਹਾ ਏਂ ?

—ਮੈਂ ਵੇਖ ਰਿਹਾਂ ਹਾਂ, ਸ਼ਾਮ ਗਹਿਰੀ ਹੁੰਦੀ ਜਾ ਰਹੀ ਏ, ਤੇ ਇਹ ਲੋਕ ਹਾਲੀ ਤੱਕ ਘੂਕ ਸੁੱਤੇ ਪਏ ਨੇ। ਜਿਵੇਂ ਕੋਈ ਕੰਮ ਕਾਰ ਹੀ ਨਾ ਹੋਵੇ—ਕੋਈ ਫਿਕਰ ਫਾਕਾ ਹੀ ਨਾ ਹੋਵੇ। ਜਿਵੇਂ ਹਡੋਰੋੜੇ ਵਰਗਾ ਹੀ ਸੀਨ ਹੈ—ਦਰਵੇਸ਼ ਸੱਜਰੇ ਵਾਹੇ ਵਾਹਣਾਂ ਵਿਚ ਸੁੱਤੇ ਪਏ ਹਨ। ਬੇਫਿਕਰ। ਨਿਸਚਿੰਤ ! ਆ ਹੇਠਾਂ ਕੀੜੀਆਂ ਦੀ ਲਾਈਨ ਦੇਖ ਰਹੀ ਏਂ ?

—ਹਾਂ।

—ਕਿਵੇਂ ਅਨੁਸ਼ਾਸ਼ਨ ਵਿਚ ਜਾ ਰਹੀਆਂ ਨੇ। ਇਕ ਤਰਤੀਬ। ਇਕ ਤਾਲ। ਕੁਝ ਨਾਂ ਕੁਝ ਮੂੰਹਾਂ ਵਿਚ ਰਖੀ ਲਈ ਜਾ ਰਹੀਆਂ ਨੇ। ਕਣਕ ਦੇ ਭਾਰੇ ਦਾਣੇ ਨੂੰ ਚਾਰ ਚਾਰ ਕੀੜੀਆਂ ਲੱਗ ਕੇ ਧੂਈ ਜਾ ਰਹੀਆਂ ਨੇ। ਸਾਰੀ ਦੁਪਹਿਰ ਇਹਨਾਂ ਨੇ ਆਪਣਿਆਂ ਪਿੰਡਿਆਂ ਉਤੇ ਝੱਲੀ ਏ...।

—ਵਿਚਾਰੇ ਭੋਲੇ ਜਾਨਵਰ। ਇਹਨਾਂ ਨੂੰ ਕਾਹਦੀ ਸਮਝ ਏ ! ਨਾ ਦੀਨ ਦੀ ਨਾ ਦੁਨੀਆਂ ਦੀ।

—ਚਲ ਹੁਣ ਉਡ ਚਲੀਏ ਏਥੋਂ। ਸ਼ਾਮ ਹੋ ਗਈ ਏ। ਕਿਤੇ ਜਾ ਕੇ ਰਬ ਦਾ ਨਾਮ ਸੁਣੀਏ।

—ਮੰਦਰ ਚਲੀਏ ਕਿ ਗੁਰਦਵਾਰੇ ?

—ਜਿਥੇ ਮੌਰਜੀਏ ਲੈ ਚਲ, ਰੱਬ ਤਾਂ ਹਰ ਥਾਂ ਇਕ ਹੀ ਹੈ। ਮਨੁੱਖ ਦੇ ਰੱਬ ਵੱਖ ਵੱਖ ਹੋਣਗੇ—ਆਪਾਂ ਤਾਂ ਠਹਿਰੇ ਜਾਨਵਰ। ਬੇਸਮਝ ਪੰਛੀ।

ਉਹ ਗੁਰਦਵਾਰੇ ਪਵਿੱਤਰ ਸਰੋਵਰ ਦੇ ਕੰਢੇ ਖੜੀ ਦੁੱਖ ਭੰਜਣੀ ਬੇਰੀ ਉੱਤੇ ਜਾ ਬੈਠੇ। ਗੁਰਬਾਣੀ ਦਾ ਮਧੁਰ ਕੀਰਤਨ ਚਲ ਰਿਹਾ ਸੀ। ਉਹ ਕੀਰਤਨ ਸੁਣਦੇ ਰਹੇ—ਸਵਾਦ ਸਵਾਦ ਹੋਏ—। ਮੁਗਧ।,ਸਰਸ਼ਾਰ।

—ਦੇਖੀ ਖਾਂ ਰਤਾ, ਮੇਰੇ ਖੰਭਾਂ ਨਾਲ ਕੀ ਆਣ ਲਗਾ ਏ ? ਮੈਨਾ ਨੇ ਗੁਰਬਾਣੀ ਨਾਲ ਇਕ ਸੁਰ ਹੋਈ ਨੇ ਕਿਹਾ।

—ਇਹ ਤਾਂ ਗੁਬਾਰਾ ਏ, ਕਿਸੇ ਬੱਚੇ ਨੇ ਛੱਡ ਦਿੱਤਾ ਹੋਵੇਗਾ। ਕੁਝ ਗੁਬਾਰੇ ਸਰੋਵਰ ਵਿਚ ਵੀ ਡਿੱਗੇ ਨੇ।

—ਕਿੱਡਾ ਮੁਲਾਇਮ ਏ ਗੁਬਾਰਾ ! ਪਰ ਇਸ ਦੀ ਗੈਸ ਤਾਂ ਨਿਕਲਦੀ ਜਾ ਰਹੀ ਏ। ਉੱਪਰ ਕੁੱਝ ਅੱਖਰ ਜਹੇ ਲਿਖੇ ਹੋਏ ਨੇ।

—ਹਾਂ, ਯੂ. ਪੜ੍ਹਿਆ ਜਾ ਸਕਦਾ ਏ। ਬਾਕੀ ਦੋ ਅੱਖਰ ਨਹੀਂ ਪੜ੍ਹੇ ਜਾਂਦੇ। ਇਸ ਦੇ ਅੰਦਰ ਕੁਝ ਰੜਕਦਾ ਏ।

ਰਤਾ ਚੁੰਝ ਮਾਰ ਕੇ ਵੇਖ ਖਾਂ। ਕਿਤੇ ਕਿਸੇ ਨੇ ਕੋਈ ਟੂਣਾ ਟਾਮਣਾ ਹੀ ਨਾ ਕੀਤਾ ਹੋਵੇ।

—ਅੱਧ ਜਲੀ ਬੀੜੀ।

—ਬੀੜੀ ? ਹਰਿਮੰਦਰ ਸਾਹਿਬ ਵਿਚ ਬੀੜੀ ! ਹੈ, ਹੈ, ਕਿੰਨੀ ਮਾੜੀ ਗੱਲ ਏ। ਕਿੰਨਾ ਅਨਰਥ !

—ਇਹ ਜ਼ਰੂਰ ਕੋਈ ਸ਼ਰਾਰਤ ਏ।, ਕਿਤੇ ਵੀ ਚੈਨ ਨਹੀਂ ਮਿਲਦਾ। ਚਲ ਚਲੀਏ—ਕਿਤੇ ਦੂਰ ਉਜਾੜ ਵਿਚ ਕਿਸੇ ਇਕੱਲੇ ਜੰਡ ਦੀ ਟਾਹਣੀ ਉਤੇ ਬੈਠੀਏ ਤੇ ਅਮਨ ਦੀ ਰਾਤ ਗੁਜ਼ਾਰੀਏ।

ਉਹ ਸ਼ਹਿਰੋਂ ਬਾਹਰਵਾਰ ਇਕ ਪਹਾੜੀ ਉੱਤੇ ਬਣੇ ਮੰਦਰ ਦੇ ਦਰਵਾਜ਼ੇ ਸਾਹਮਣੇ ਲਗੇ ਇਕ ਅੰਬ ਦੇ ਰੁੱਖ ਉੱਤੇ ਪਲ ਬੈਠ ਗਏ। ਕੁਝ ਅੰਬੀਆਂ ਖਾਧੀਆਂ। ਭੁੱਖ ਕੁੱਝ ਮੱਠੀ ਹੋਈ। ਮੰਦਰ ਦੀ ਕੰਧ ਉੱਤੇ ਇਕ ਬਾਂਦਰ ਦੇ ਬੱਚੇ ਨੂੰ ਕਿਸੇ ਮਨਚਲੇ ਨੌਜਵਾਨ ਨੇ ਪੱਥਰ ਮਾਰ ਦਿਤਾ। ਆਸੇ ਪਾਸੇ ਦੇ ਸਾਰੇ ਬਾਂਦਰ ਇਕੱਠੇ ਹੋ ਗਏ—ਉਸ ਮੁੰਡੇ ਦੇ ਮਗਰ ਦੌੜੇ। ਮੁੰਡੇ ਨੇ ਇਕ ਘਰ ਅੰਦਰ ਲੁੱਕ ਕੇ ਜਾਨ ਬਚਾਈ।

—ਬਾਂਦਰ ਦਾ ਭਾਈਚਾਰਾ ਕਿੰਨਾ ਪੱਕਾ ਏ ? ਕਿੰਨੀ ਸਾਂਝ ! ਕਿੰਨਾ ਏਕਾ ! ਪਰ ਮਨੁੱਖ।

—ਮਨੁੱਖ ਦੀ ਗੱਲ ਛੱਡ ਕੂੰ। ਮਨੁੱਖ ਕਿੰਨੇ ਗਿਆਨ ਵਿਗਿਆਨ ਦਾ ਮਾਲਕ ਏ। ਹਾਈਡਰੋਜਨ, ਨਾਈਟਰੋਜਨ, ਆਰੀਆ ਭੱਟ, ਗੁਟ ਨਿਰਲੇਪਤਾ ਤੇ ਜੰਗੀ ਸੰਧੀਆਂ।

ਉਹ ਉਥੋਂ ਉੱਡ ਕੇ ਆਬਾਦੀ ਤੋਂ ਦੂਰ ਇਕ ਸੁੱਕੀ ਰੋਹੀ ਵਿਚ ਉਗੇ ਇਕ ਜੰਡ ਦੇ ਰੁੱਖ ਉੱਤੇ ਜਾ ਬੈਠੇ। ਚਾਰੇ ਪਾਸੇ ਸਨ੍ਹਕੜਾ। ਨਿੱਕੀ ਨਿੱਕੀ ਵਗਦੀ ਹਵਾ। ਸਰ ਸਰ ਦਾ ਸੰਗੀਤ। ਤਿਨਹਾ ਰਾਤ। ਚੁੱਪ ਹਨੇਰਾ। ਨਿੰਮ੍ਹੀ ਨਿੰਮ੍ਹੀ ਚੰਦਰਮੇਂ ਦੀ ਚਾਂਦਨੀ।

—ਕਿੰਨਾ ਸ਼ਾਂਤ ਵਾਤਾਵਰਨ ਏ। ਕਿੰਨਾ ਵਧੀਆ ਮੌਸਮ। ਮੈਨਾ ਗਦ ਗਦ ਹੋਈ ਸੀ।

—ਵੇਖ ਅੱਧ ਖਿੜਿਆ ਚੰਦਰਮਾ ਤੇ ਹਲਕੀ ਹਲਕੀ ਚਾਂਦਨੀ ਕਿਵੇਂ ਇਕ ਦੂਜੇ ਨਾਂ ਪਿਆਰ ਕਰ ਰਹੇ ਨੇ। ਤੂੰ ਵੀ ਆ ਜਾ ਨਾ ਮੇਰੀਆਂ ਬਾਹਵਾਂ ਵਿਚ। ਤੋਤਾ ਪ੍ਰਿਆਰ ਵਿਚ ਪਿਘਲਿਆ ਪਿਆ ਸੀ।

—ਨਹੀਂ, ਨਹੀਂ, ਹਾਲੀ ਮੇਰਾ ਮਨ ਨਹੀਂ ਏ। ਮਨ ਥਕਿਆ ਪਿਆ ਏ। ਮੈਂ ਸੌਂਣਾ ਚਾਹੁੰਦੀ ਹਾਂ।

—ਚੰਗਾ ਮੇਰੇ ਨਾਲ ਲੱਗ ਕੇ ਸੌਂ ਜਾ, ਜੇ ਮਨ ਹੋਇਆ ਦਸ ਦੇਵੀਂ।

ਅੱਧੀ ਰਾਤ ਦਾ ਸਮਾਂ ਹੋਵੇਗਾ ਜਦੋਂ ਜੰਡ ਹੇਠੋਂ ਚੀਕਾਂ ਪੁਕਾਰਾਂ ਆਉਣੀਆਂ ਸ਼ੁਰੂ ਹੋ ਗਈਆਂ—ਬਚਾਓ, ਬਚਾਓ।

ਤੇ ਫੇਰ ਇਕਦਮ ਚੀਕਾਂ ਬੰਦ ਹੋ ਗਈਆਂ। ਲਗਦਾ ਸੀ ਇਕ ਔਰਤ ਸ਼ਾਇਦ ਬੇਹੋਸ਼ ਹੋ ਗਈ ਸੀ।

ਔਰਤ ਨੂੰ ਬੇਪਤ ਕਰਕੇ ਉਸੇ ਨੰਗੀ ਤੇ ਅੱਧ-ਮੁਰਦਾ ਹਾਲਤ ਵਿਚ ਛੱਡ ਕੇ, ਤਿੰਨ ਬੰਦੇ ਨੇੜੇ ਹੀ ਖੜੀ ਕਾਰ ਵਿਚ ਸਵਾਰ ਹੋ, ਰਫੂ ਚੱਕਰ ਹੋ ਗਏ।

ਏਨਾ ਬੇਦਰਦ ਤੇ ਡਰਾਉਣਾ ਦਰਿਸ਼ ਵੇਖ ਕੇ ਤੋਤਾ ਤੇ ਮੈਨਾਂ ਬਿਨਾਂ ਆਪਸ ਵਿਚ ਗੱਲ ਕੀਤਿਆਂ ਉਥੋਂ ਉੱਠ ਦੌੜੇ। ਉਡਦਿਆਂ ਉਡਦਿਆਂ ਹੀ ਉਹਨਾਂ ਫੈਸਲਾ ਕੀਤਾ ਕਿ ਸਿੱਧੇ ਪੁਲਸ ਸਟੇਸ਼ਨ ਜਾਣਗੇ ਅਤੇ ਰੌਲਾ ਪਾ ਪਾ ਇਸ ਦਰਦਨਾਕ ਸੀਨ ਦੀ ਰਿਪੋਰਟ ਕਰਨਗੇ।

ਤੜਕਾਂ ਹੋ ਗਿਆ ਸੀ। ਪਰ ਸ਼ਹਿਰ ਦੀਆਂ ਸਭ ਬੱਤੀਆਂ ਹਾਲੀ ਜਗ ਰਹੀਆਂ ਸਨ।

ਧਰਮ ਅਸਥਾਨਾਂ ਅੰਦਰ, ਜਿਥੇ ਕਿ ਅੱਧੀ ਰਾਤ ਤੋਂ ਲਾਊਡ ਸਪੀਕਰ ਕੀਰਤਨ ਪਾਠ ਸ਼ੁਰੂ ਕਰ ਦਿੰਦੇ ਸਨ, ਅੱਜ ਚੁੱਪ ਸੀ। ਧਾਰਮਿਕ ਅਸਥਾਨਾਂ ਦੇ ਬਾਹਰ ਭੀੜਾਂ ਇੱਕਠੀਆਂ ਹੋ ਰਹੀਆਂ ਸਨ। ਅਵਾਰਾ ਗਊਆਂ ਉੱਤੇ ਪਹਿਰੇ ਲੱਗੇ ਹੋਏ ਸਨ। ਯੂ. ਪੀ. ਬਿਹਾਰ ਆਦਿ ਤੋਂ ਮਜ਼ਦੂਰੀ ਲਈ ਆਏ ਭਈਆਂ ਨੇ ਆਪਣੇ ਬੀੜੀਆਂ ਦੇ ਬੰਡਲ ਲੁਕਾ ਦਿੱਤੇ ਸਨ। ਸ਼ਹਿਰ ਵਿੱਚ ਕਰਫਿਊ ਲਗਾ ਦਿੱਤੇ ਦਾ ਐਲਾਨ ਜੀਪਾਂ ਉੱਤੇ ਫਿੱਟ ਲਾਊਡ-ਸਪੀਕਰਾਂ ਰਾਹੀਂ ਗਲੀ ਗਲੀ ਦਸਿਆ ਜਾ ਰਿਹਾ ਸੀ। ਹਰ ਚੌਰਾਹੇ ਵਿੱਚ ਪੁਲੀਸ ਦੇ ਦਸਤੇ ਖੜੇ ਸਨ। ਫੌਜ ਨੂੰ ਤਿਆਰ ਰਹਿਣ ਲਈ ਹੁਕਮ ਦੇ- ਦਿੱਤਾ ਗਿਆ ਸੀ। ਸ਼ਹਿਰ ਵਿੱਚ ਪੂਰਾ ਤਣਾਉ ਸੀ। ਭਰਾ ਨੂੰ ਭਰਾ ਉੱਤੇ ਸ਼ੱਕ ਹੋ ਰਿਹਾ ਸੀ। ਕੋਈ ਪਰਲੋ ਆਉਣ ਵਾਲੀ ਸੀ।

ਤੋਤਾ ਤੇ ਮੈਨਾ ਨੇ ਥਾਣੇ ਦੀ ਉੱਚੀ ਲਾਲ ਕੰਧ ਉੱਤੇ ਬਹਿ ਕੇ ਬਥੇਰਾ ਚੀਕ ਦਿਹਾੜਾ ਪਾਇਆ ਪਰ ਕਿਸੇ ਨੇ ਕੁਝ ਨਾ ਸੁਣਿਆ। ਇੱਕ ਸਿਪਾਹੀ ਨੇ ਵੱਟ ਕੇ ਇੱਕ ਪੱਥਰ ਮਾਰਿਆ ਅਤੇ ਇੱਕ ਮੋਟੀ ਜਹੀ ਗਾਲ ਦਿੰਦਿਆਂ ਕਿਹਾ—ਤੜਕੇ ਈ ਚੀਂ ਚੀਂ ਦਾ ਅਲਾਰਮ ਸ਼ੁਰੂ ਕਰ ਦਿੱਤਾ—ਹੱਤ ਤੇਰੀ ਮਾਂ...!

ਪੱਥਰ ਮੈਨਾ ਦੀ ਗਰਦਨ ਵਿੱਚ ਆ ਵਜਾ ਸੀ। ਮੈਨਾ ਹੇਠਾਂ ਡਿਗਦੀ ਡਿਗਦੀ ਬਚੀ। ਤੋਤਾ ਸਹਾਰਾ ਦੇ ਕੇ ਮੈਨਾ ਨੂੰ ਉਥੋਂ ਉਡਾ ਕੇ ਲੈ ਗਿਆ।

—ਹੋਰ ਬਹੁਤਾ ਨਾ ਹੁਣ ਮੈਨੂੰ ਧੂਈ ਜਾ। ਮੇਰੀ ਤਾਂ ਜਾਨ ਲਬਾਂ ਤੇ ਆਈ ਹੋਈ ਏ। ਇਹਨਾਂ ਖੰਡਰਾਂ ਉੱਤੇ ਬਹਿ ਕੇ ਪਲ ਗੱਲਾਂ ਕਰ ਲਈਏ। ਆਖਰੀ ਸਮੇਂ ਦੀਆਂ ਗੱਲਾਂ।

—ਨਾ ਮੇਰੀ ਮੈਨਾ, ਇੰਜ ਨਹੀਂ ਆਖੀਦਾ। ਇਹਨਾਂ ਨਫਰਤ ਦੇ ਹਨ੍ਹੇਰਿਆਂ ਦਾ ਮੈਂ ਇਕੱਲਾ ਕਿਵੇਂ ਟਾਕਰਾ ਕਰਾਂਗਾ...ਪਾਣੀ ? ਲੈ, ਮੈਂ ਹੁਣੇ ਚੁੰਝ ਭਰ ਕੇ ਪਾਣੀ ਲਿਆਉਂਦਾ ਹਾਂ।

ਖੰਡਰਾਂ ਵਿੱਚ ਭਲਾ ਪਾਂਣੀ ਕਿਥੇ ਹੋਣਾ ਸੀ। ਸ਼ਹਿਰ ਵਿੱਚ ਹੜਤਾਲ ਸੀ—ਹੋਟਲਾਂ ਤਕ ਵੀ ਬੰਦ ਸਨ। ਬੜੀ ਮੁਸ਼ਕਲ ਨਾਲ ਪਾਣੀ ਲੱਭਾ।

ਤੋਤਾ ਚੁੰਝ ਭਰ ਕੇ ਪਾਣੀ ਲਿਆਇਆ। ਪਰ ਉਸ ਦੀ ਪਿਆਰੀ ਮੈਨਾ ਪਿਆਸੀ ਹੀ ਜਾ ਚੁੱਕੀ ਸੀ। ਸਦਾ ਲਈ ਵਿਦਾਇਗੀ ਲੈ ਚੁੱਕੀ ਸੀ।

ਖੰਡਰਾਂ ਉੱਤੇ ਬੈਠਾ ਤੋਤਾ ਦੇਰ ਤਕ ਰੋਂਦਾ ਰਿਹਾ, ਪਤਾ ਨਹੀਂ ਇਹ ਖੰਡਰ ਮਹਿੰਜਦਾੜੋ ਦੇ ਸਨ ਕਿ ਹੜੱਪਾ ਦੇ ਕਿ ਏਸੇ ਸਾਲ ਦੇ। ਬੜੀ ਦੇਰ ਤਕ ਤੋਤਾ ਸੋਚਦਾ ਰਿਹਾ ਅਤੇ ਰੋਂਦਾ ਰਿਹਾ।

o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ – ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁੱਖ ਪ੍ਰਿੰਟਰਜ਼ 23, ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖ਼ਾਲਸਾ ਨਿਵਾਸ ਡਾ: ਖ਼ਾਲਸਾ ਕਾਲਜ ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁਪੈ,ਵਿਦੇਸ਼ ਹਵਾਈ ਡਾਕ ਰਾਹੀਂ 100 ਰੁਪੈ।

ਕਹਾਣੀ :-

# ਬਰਛੇ ਦਾ ਮੂੰਹ

o

ਗੁਰਨਾਮ ਸਿੰਘ

ਗੁਪਤਵਾਸ ਦੇ ਪੰਜਾਂ ਸਾਲਾਂ ਬਾਦ ਅੱਜ ਮੈਂ ਅਚਾਨਕ ਆਪਣੇ ਨਾਨਕ ਘਰ ਵੜਿਆ ਹਾਂ। ਮੇਰੇ ਬਾਰੇ ਸਭ ਕੁਝ ਪਤਾ ਹੋਣ ਦੇ ਬਾਵਜੂਦ ਵੀ, ਮਾਮੀਆਂ ਨੇ ਮੈਨੂੰ ਜਿਵੇਂ ਸਿਰ ਤੇ ਚੁੱਕ ਲਿਆ ਹੈ। ਜਿਵੇਂ ਮੈਂ ਈਦ ਦਾ ਚੰਨ ਹੋਵਾਂ। ਜਿਵੇਂ ਕਦੀ ਨਾਂ ਮਿਲ ਸਕਣ ਦੇ ਨਿਰਾਸ਼ ਪਲਾਂ ਵਿੱਚ ਮੈਂ ਅਚਾਨਕ ਹੀ ਕਿਧਰੋਂ ਆਣ ਟਪਕਿਆ ਹਾਂ। ਸਭ ਹੈਰਾਨ ਹਨ ਤੇ ਮੇਰੇ ਘਰ ਪੈਰ ਧਾਉਣ 'ਤੇ ਇੱਕ ਦੌੜ ਜਿਹੀ ਸ਼ੁਰੂ ਹੋ ਗਈ ਹੈ। ਕੋਈ ਮੰਜਾ ਡਾਹ ਰਿਹੈ, ਕੋਈ ਪਾਣੀ ਲਿਆ ਰਿਹੈ, ਕੋਈ ਚਾਹ ਬਣਾਉਣ ਲਈ ਪਤੀਲੀ ਮਾਂਜਣ ਬੈਠ ਗਿਆ ਹੈ। ਤੇ ਸਭ ਤੋਂ ਛੋਟੀ ਮਾਮੀ ਮੇਰੇ ਕੋਲ ਬਹਿ ਮੈਨੂੰ ਪੱਖੀ ਝੱਲਣ ਲੱਗ ਪਈ ਹੈ। ਮਾਮਿਆਂ ਦੇ ਮੁੰਡੇ ਕੁੜੀਆਂ ਨੇ ਮੇਰੇ ਦੁਆਲੇ ਝੁਰਮੁੱਟ ਮਾਰ ਲਿਆ ਹੈ। ਛੋਟੂ ਤਾਂ ਗੁਆਂਢੀਆਂ ਦੇ ਨਿਆਣਿਆ ਨੂੰ ਵੀ ਬੁਲਾ ਲਿਆਇਆ ਹੈ। ਉਹਨਾਂ ਸਭ ਦੀ ਨਿਗਾਹ ਮੇਰੇ ਵੱਡੇ ਝੋਲੇ 'ਤੇ ਹੈ, ਜਿਸ ਵਿੱਚ ਮੇਰੀਆਂ ਜ਼ਰੂਰੀ ਕਿਤਾਬਾਂ, ਕੁੱਝ ਕੱਪੜੇ ਤੇ ਕੁੱਝ ਹੋਰ ਹੈ। ਵੱਡੇ ਮਾਮੇ ਦੀ ਕੁੜੀ ਜਿਹੜੀ ਹੁਣੇ ਸਕੂਲੋਂ ਪਰਤੀ ਹੈ, ਆਉਂਦਿਆਂ ਹੀ ਧਾਅ ਕਰਕੇ ਗਲ ਲਗ ਗਈ ਹੈ ਤੇ ਧਾਹੀਂ ਰੋ ਪਈ ਹੈ। ਉਹ ਆਖ ਰਹੀ ਹੈ 'ਵੀਰ ਤੇਰੀਆਂ ਸਾਰੇ ਸਾਲਾਂ ਦੀਆਂ ਰੱਖੜੀਆਂ ਮੈਂ ਸਾਂਭੀ ਬੈਠੀ ਹਾਂ, ਮੈਨੂੰ ਪਤਾ ਸੀ ਤੂੰ ਜ਼ਰੂਰ ਆਵੇਗਾ। ਲੋਕ ਤਾਂ ਐਵੇਂ ਭੌਂਕਦੇ ਐ, ਪੁੱਠੀਆਂ ਪੁੱਠੀਆਂ ਗੱਲਾਂ ਕਰਦੇ ਐ—ਮੈਂ ਇੱਕ ਨ੍ਹੀ ਮੰਨੀ।' ਇੰਜ ਆਖਦੀ ਉਹ ਮੇਰੇ ਤੋਂ ਪਰੇ ਹੋ ਅੰਦਰ ਨੂੰ ਭੱਜ ਗਈ ਹੈ ਤੇ ਉਸਨੇ ਛਿਆਂ ਤਿਉਹਾਰਾਂ ਦੀਆਂ ਛੇ ਨਵੀਆਂ ਨਕੋਰ ਰੱਖੜੀਆਂ ਮੇਰੇ ਹੱਥਾਂ ਵਿੱਚ ਥਮ੍ਹਾ ਦਿੱਤੀਆਂ ਹਨ। ਇੱਕ ਅਨੋਖੀ ਝਰਨਾਹਟ ਨਾਲ ਮੇਰਾ ਰੋਮ ਰੋਮ ਲਰਜ ਗਿਆ ਹੈ ਤੇ ਮੇਰੀਆਂ ਅੱਖਾਂ ਭਰ ਆਈਆਂ ਹਨ। ਮੇਰਾ ਜੀਅ ਕਰਦੈ, ਮੇਰੇ ਪਾਸ ਵੀ ਛੋਟੀ ਭੈਣ ਨੂੰ ਦੇਣ ਲਈ ਬਹੁਤ ਕੁਛ ਹੁੰਦਾ ਪਰ ਮੈਂ ਤਾਂ ਬੱਸਾਂ ਦਾ ਕਿਰਾਇਆ ਵੀ ਕਿਸੇ ਤੋਂ ਲੈ ਕੇ ਤੁਰਦਾ ਹਾਂ। ਬਸ ਮੈਂ ਆਪਣਾ ਸੱਜਾ ਹੱਥ ਉੱਪਰ ਉਠਾਕੇ ਮਿੰਦਰੀ ਦੇ ਸਿਰ ਤੇ ਰੱਖ ਦਿੱਤਾ ਹੈ।

ਪੂਰੇ ਛੇ ਸਾਲ ਪਹਿਲਾਂ ਮੈਂ ਜਿਵੇਂ ਆਖਰੀ ਵਾਰ ਏਥੇ ਨਾਨਕੀ ਆ ਕੇ ਗਿਆ ਸਾਂ। ਉਦੋਂ ਮਿੰਦਰੀ ਚੌਥੀ 'ਚ ਪੜ੍ਹਦੀ ਸੀ। ਤੇ ਫਿਰ ਮੇਰੇ ਪਿੰਡ ਦੇ ਮੁਜ਼ਾਹਰਾ ਘੋਲ ਵਿੱਚ ਠਾਕਰ ਜਗੀਰਦਾਰ ਦੇ ਮਾਰੇ ਜਾਣ ਤੋਂ ਬਾਦ ਮੈਨੂੰ ਗੁਪਤਵਾਸ ਹੋਣਾ ਪਿਆ ਸੀ। ਅੱਜ ਮੈਂ ਦੋ ਸਾਲ ਬਾਦ ਜਦੋਂ ਪਿੰਡ ਦੇ ਘੁਲਾਟੀਏ ਮਜ਼ਦੂਰਾਂ ਕਿਸਾਨਾਂ ਨੂੰ, ਜੋ ਹੁਣ ਆਪ ਕਾਸ਼ਤਕਾਰ-ਮਾਲਕ ਬਣ ਗਏ ਹਨ, ਅਤੇ ਆਪਣੇ ਬੁੱਢੇ ਮਾਂ ਬਾਪ ਨੂੰ, ਜਿੰਨਾਂ ਦਾ ਮੈਂ ਇੱਕੋ ਇੱਕ ਪੁਤਰ ਹਾਂ, ਮਿਲਣ ਜਾ ਰਹਿਆ ਸਾਂ ਤਾਂ ਇੱਕ ਪਹਿਲਾਂ ਭੇਜੇ ਸਾਥੀ ਨੇ ਮੈਨੂੰ ਰਾਹ 'ਚੋਂ ਹੀ ਮੋੜ ਦਿੱਤਾ ਸੀ। ਕਿਉਂਕਿ ਪਿੰਡ ਦੇ ਮੁਖਬਰ ਸਰਪੰਚ ਨੇ, ਕਿਸੇ ਨਾਲ ਪੈਲੀ ਦੇ ਝਗੜੇ ਪਿੱਛੇ ਪੁਲਸ ਬੁਲਾਈ ਹੋਈ ਸੀ। ਜੋ ਪਿੰਡ ਦੀਆਂ ਗਲੀਆਂ 'ਚ ਹਰਲ ਹਰਲ ਕਰਦੀ ਫਿਰ ਰਹੀ ਸੀ। ਦਸਿਆ ਗਿਆ ਕਿ ਮੇਰੇ ਬਾਪੂ ਨੂੰ ਵੀ ਉਹ ਫੜਕੇ ਬਿਠਾਈ ਬੈਠੇ ਸਨ, ਇਸ ਲਈ ਮੈਂ ਉਥੋਂ ਸਿੱਧਾ ਨਾਨਕਿਆਂ ਦੇ ਰਾਹ ਪੈ ਗਿਆ ਸਾਂ।

ਜਿੰਦਰ ਪੁੱਤਰ ਤੇਰੇ ਬਾਪੂ ਦਾ ਤਾਂ ਹੁਣ ਕੋਈ ਹਾਲ ਨੀ। ਕੀ ਲੈਣਾ ਸੀ ਤੂੰ ਇਹਨਾਂ ਕੰਮਾਂ 'ਚੋਂ। ਅੱਜ ਕੱਲ੍ਹ ਭਲੇ ਕੰਮਾਂ ਨੂੰ ਕੌਣ ਜਾਣਦੈ। ਪੁਲਸ ਨੇ ਕੁੱਟ ਕੁੱਟ ਕੇ ਉਸਦੀਆਂ ਹੱਡੀਆਂ ਪੱਸਲੀਆਂ ਸਭ ਚੂਰ ਕਰ ਛੱਡੀਐਂ। ਔਂਤਰੇ ਨਖੱਤਰਿਆਂ ਨੇ। ਮਰ ਜਾਣ ਇਹਨਾਂ ਦੇ ਅਗਲੇ ਪਿਛਲੇ, ਮੈਂ ਤਾਂ ਆਂਹਨੀ ਆਂ ਕੀੜੇ ਪੈਣ ਇਹਨਾਂ ਦੇ ਕਲਜੋਗੀਆਂ ਨੂੰ। ਤੇਰੇ ਬਾਪੂ ਨੂੰ ਵੇਖੀਦੈ ਜਾਣੀਂ ਰੋਣ ਈ ਨੀ ਰੁਕਦਾ। ਪਰ ਧੰਨ ਤੇਰਾ ਬਾਪੂ ਜਿੰਦਰਾ। ਆਖੂ ਕੋਈ ਨ੍ਹੀਂ, ਮੇਰਾ, ਅਜੀਤ ਬਣਿਐ, ਜੁਝਾਰ ਬਣਿਐ। ਗੁਰੂ ਦੇ ਸਿੰਘਾਂ ਨਾਲ ਇਕ ਵਾਰ ਤਾਂ ਏਵੇਂ ਖੌਤਣਗੀਆਂ। ਬਸ ਇਹ ਧੰਨੀ ਐਂ ਜੀਹਨੇ ਜਿੰਦਰ ਵਰਗਾ ਸੂਰਮਾ ਪੁੱਤ ਜਣਿਐਂ। ਆਖੂ—ਕਤੂਰੇ ਜੰਮਣ ਨਾਲੋਂ ਤਾਂ ਕੁੱਖ ਖਾਲੀ ਚੰਗੀ ਐ ਬਚਨੀਏ।... ਧੰਨੀ, ਤੇਰੀ ਬੇਬੇ ਦਾ ਵੀ ਧੰਨ ਜਿਗਰਾ ਐ ਭਾਈ... ਸਾਰੇ ਦੁੱਖ ਜਾਣੀ ਕੀ ਜਿਵੇਂ ਉਹਨੇ ਸਿਰ ਤੇ ਝੱਲੇ ਐ, ਹਰ ਕੋਈ ਨ੍ਹੀਂ ਝੱਲ ਸਕਦੀ। ਬੱਸ ਚੱਤੋ ਪਹਿਰ ਤੈਨੂੰ ਯਾਦ ਕਰੀ ਜਾਊ ਪਰ ਅੱਖ ਚੋਂ ਤਿੱਪ ਨੀ ਕੇਰਦੀ।

ਚਾਹ ਪੀਂਦੇ ਅਸੀਂ ਗੱਲਾਂ ਕਰ ਰਹੇ ਸਾਂ ਜਦੋਂ ਮਾਮੇ ਦਾ ਵੱਡਾ ਮੁੰਡਾ ਪੱਠਿਆਂ ਦੀ ਥੱਬੀ ਲੈ ਕੇ ਆ ਗਿਆ। ਸੜੀ ਜਹੀ ਪੱਗ ਦੇ ਉਗੜ ਦੁਗੜੇ ਵਲੇਵਿਆਂ 'ਚੋਂ ਜਟੂਰੀਆਂ ਨਿਕਲੀਆਂ ਹੋਈਆਂ ਹਨ। ਮੂੰਹ ਚਿਪਕਿਆ ਹੋਇਆ ਹੈ। ਦਾੜ੍ਹੀ ਕਰੜ ਬਰੜੀ ਹੈ। ਅੱਖਾਂ ਅੰਦਰ ਧੁਸ ਕੇ ਟੋਏ ਜਿਹੇ ਬਣ ਗਈਆਂ ਹਨ। ਝੱਗਾ ਥਾਂ ਥਾਂ ਤੋਂ ਪਾਟਿਆ ਹੋਇਆ ਹੈ। ਕੱਛੇ ਨੂੰ ਕਈ ਥਾਵਾਂ ਨੂੰ ਰੰਗ ਬਰੰਗੀਆਂ ਟਾਕੀਆਂ ਲੱਗੀਆਂ ਹੋਈਆਂ ਹਨ। ਕਾਲੀਆਂ ਲੱਤਾਂ ਨਿਕਲੇ ਹੱਡਾਂ ਨਾਲ ਹੋਰ ਵੀ ਡੁਕਵੀਆਂ ਜਿਹੀਆਂ ਲਗਦੀਆਂ ਹਨ। ਮਾਸ ਤਾਂ ਜਿਵੇਂ ਕਾਵਾਂ ਨੇ ਚੂੰਡ ਲਿਆ ਹੋਵੇ। ਪੈਰ 'ਚ ਦੋ ਰੰਗੀਆਂ ਟੁੱਟਣ ਟੁੱਟਣ ਕਰਦੀਆਂ ਗੰਢਾਈਆਂ ਹੋਈਆਂ ਚੱਪਲਾਂ ਅੜਾਈਆਂ ਹੋਆਂ ਹਨ।

ਪੱਠਿਆਂ ਦੀ ਥੱਦੀ ਸੁਟਕੇ ਉਹ ਮੇਰੇ ਵੱਲ ਵਧਿਆ ਹੈ। ਮੈਨੂੰ ਮਾਮੇ ਦਾ ਪੁੱਤ ਭਰਾ ਤੇ ਹਾਣੀ ਹੁੰਦਿਆਂ ਹੋਇਆਂ ਵੀ ਉਹ ਅਣਜਾਣਾ ਜਿਹਾ ਲੱਗ ਰਿਹਾ ਹੈ। ਫੇਰ ਵੀ ਅਸੀਂ ਗਰਮ ਜੋਸ਼ੀ ਨਾਲ ਹੱਥ ਮਿਲਾਇਆ ਹੈ।

ਬਾਈ ਦਾ ਕੀ ਹਾਲ ਹੈ ? ਮੁੜ ਕੇ ਗੇੜਾ ਈ ਨ੍ਹੀ ਮਾਰਿਆ, ਅਸੀਂ ਤਾਂ ਸੁਣਿਆ ਸੀ ਤੂੰ ਕਿਤੇ ਬਾਹਰ ਚਲਾ ਗਿਐਂ। ਕਹਿੰਦਾ ਉਹ ਮੇਰੇ ਵਾਲੀ ਮੰਜੀ ਦੇ ਪੈਂਦੀਏ ਬਹਿ ਗਿਆ ਹੈ ਤੇ ਬਹਿੰਦਿਆਂ ਹੀ ਥਾਂ ਥਾਂ ਤੋਂ ਗੰਢੀ ਦੌਣ ਤਿੰਨ ਚੌਂਹ ਥਾਵਾਂ ਤੋਂ ਤੜੱਕ ਦੇਕੇ ਟੁੱਟ ਗਈ ਹੈ। ਤੇ ਉਹ ਬੈਠਾ ਬਿਠਾਇਆ ਥੱਲੇ ਧਸ ਗਿਆ ਹੈ। ਸਾਰੇ ਜੁਆਕ ਹੱਸ ਪਏ ਹਨ। ਪਰ ਅਸੀਂ ਸਗੋਂ ਹੋਰ ਖਾਮੋਸ਼ ਹੋ ਗਏ ਹਾਂ। ਤੇ ਉਹ ਉਠਕੇ ਦੌਣ ਨੂੰ ਫੇਰ ਤੋਂ ਗੰਢਾਂ ਦੇਣ ਲੱਗ ਪਿਆ ਹੈ।

ਮੇਰੇ ਪਤਿਉਰੇ ਦੀ ਦੌਣ ਵੀ ਨ੍ਹੀ ਜੁੜਦੀ ਏਥੇ ਤਾਂ। ਕਾਹਦੀ ਜੂਨ ਐ ਬਾਈ, ਇਹੋ 'ਜੇ ਜੰਮਣ ਖੁਣੋਂ ਕੀ ਥੁੜਿਆ ਪਿਆ ਸੀ। ਏਸੇ ਦੁੱਖ ਦਾ ਮਾਰਿਆ ਮੈਂ ਆਪਣੀ ਮਿੰਦਰੀ ਨੂੰ ਪੜ੍ਹਨੋਂ ਨੀ ਹਟਣ ਦਿੰਦਾ। ਸਾਰੀ ਉਮਰ ਦੇ ਗਲਪੁਣੇ ਤੋਂ ਮੈਂ ਇਹਨੂੰ ਬਚਾਉਣਾ ਚਾਹੁੰਦਾ। ਬੇਬੇ ਹੋਰੀਂ ਵੇਖ ਲੈ, ਜਿਉਂ ਉਠਦੀਐਂ, ਘਾਹ ਲਿਆ, ਬਾਲਣ ਲਿਆ, ਗੋਹਾ ਚੁੱਕ, ਲੋਕਾਂ ਦੇ ਘਰਾਂ ਦੀ ਮੁਤਰਾਲ ਹੂੰਝ ਇੱਜਤ ਵਾਧੂ ਦੀ ਪੱਟੀਦੀ ਐ...ਫੇਰ ਵੀ ਨਾ ਕਦੇ ਰੱਜ ਨਾਲ ਖਾਧਾ ਪਹਿਨਿਐਂ, ਨਾ ਖਾਣਾ ਪਹਿਨਣੈਂ...ਇਹ ਵੀ ਕੋਈ ਜਿੰਦਗਾਨ੍ਹੀ ਐਂ ਬਾਈ!'

'ਬਾਪੂ ਤੇ ਤਾਇਆ ਨੀ ਮੰਨਦੇ, ਮੈਂ ਤਾਂ ਸ਼ਹਿਰ ਉਠ ਜਾਵਾਂ। ਕਹਿੰਦੇ ਉਥੇ ਕੰਮ ਵੀ ਅੱਠ-ਘੰਟੇ ਕਰਨਾ ਪੈਂਦੈ ਤੇ ਦਿਹਾੜੀ ਵੀ ਏਥੋਂ ਨਾਲੋਂ ਦੁੱਗਣੀ ਹੈ। ਪਰ ਸਾਡੀ ਤਾਂ ਸਾਰੀ ਉਮਰ ਲੰਘ ਜਾਣੀ ਐ, ਇਹਨਾਂ ਸਰਦਾਰੜਿਆਂ ਦਾ ਸੀਰ ਕਰਦਿਆਂ। ਬਾਬਾ ਮਰ ਗਿਆ, ਬਾਪੂ ਹੋਰਾਂ ਮਰ ਜਾਣੈਂ ਤੇ ਸਾਡੀ ਵੀ ਆਈ ਲੈ। ਸਾਥੋਂ ਬਨੇਰੇ ਪੱਕੇ ਨ੍ਹੀਂ ਹੋਣੇ। ਛੱਤ ਢਾਅ ਕੇ ਇਕ ਕੱਚਾ ਕੋਠਾ ਨ੍ਹੀਂ ਪੈਣਾਂ। ਨਾ ਪਿਐ। ਪਿਛਲੇ ਮਹੀਨੇ ਮੇਰੇ ਪਾਣੀ ਲਾਉਂਦੇ ਦੇ ਸੱਪ ਲੜ ਗਿਆ ਰਾਤ ਨੂੰ। ਮੇਰਾ ਤਾਂ ਹੋ ਗਿਆ ਨੀ ਮਰਨ। ਬੇਬੇ ਵਾਲੀਆਂ ਨਾ ਵੇਚਦੀ ਤਾਂ ਹੋਗੀ ਸੀ ਚੱਕਲੋ ਚੱਕਲੋ। ਮੇਰੇ ਸਾਲਿਆਂ, ਸਰਦਾਰਾਂ ਨੇ ਬਾਤ ਨ੍ਹੀ ਪੁੱਛੀ ਸਗੋਂ ਮਹੀਨਾ ਕੱਟ ਲਿਆ। ਸਾਡੀ ਕਾਹਦੀ ਜੂਨ ਐਂ ਬਾਈ ਜੀਅ ਕਰਦੈ, ਸਸਤੀ ਜੀ' ਜ਼ਹਿਰ ਮਿਲਜੇ ਤਾਂ ਖਾ ਕੇ ਗੁਮਾਨ ਨਾਲ ਸੌਂ ਜਾਈਏ। ਕੀ ਪਿਐ ਇਹੋ ਜੇ ਜਿਉਣ 'ਚ। ਨਾ ਖਾਣ ਨੂੰ, ਨਾ ਪੀਣ ਨੂੰ, ਨਾ ਪਹਿਨਣ ਨੂੰ, ਨਾ ਰਹਿਣ ਨੂੰ। ਨਿਰਾ ਨਰਕ ਸਾਲਾ—ਹੋਰ ਨਰਕ ਕੀ ਹੁੰਦੈ, ਬਾਈ...ਤੂੰ ਆਪ ਹੀ ਦੱਸ ਭਲਾ ਏਦੂੰ ਘੋਰ ਨਰਕ ਕੋਈ ਹੁੰਦੈ ?'

ਉਹਦੀਆਂ ਪੀੜ ਪਰੁੱਤੀਆਂ ਗੱਲਾਂ ਸੁਣਕੇ ਮੈਂ ਧੁਰ ਤੀਕ ਹਿੱਲ ਗਿਆ ਹਾਂ। ਤੇ ਸੋਚ ਰਿਹਾ ਹਾਂ ਇਹਨਾਂ ਸਾਡੇ ਲੋਕਾਂ ਨੂੰ, ਜਿਸਦਾ ਵੀ ਹੱਥ ਧਿਐ ਉਸੇ ਨੇ ਚੂੰਡਿਐ। ਕਿਸੇ ਨੇ ਵੀ ਇਹਨਾਂ ਦੀ ਬਾਂਹ ਨਹੀਂ ਫੜੀ। ਜੇ ਕਿਸੇ ਫੜੀ ਵੀ ਤਾਂ ਪਾਰ ਨਹੀਂ ਲਾ ਸਕਿਆ। ਕੁੱਤਿਆਂ ਕਾਵਾਂ ਨੇ ਫੇਰ ਇਹਨਾਂ ਨੂੰ ਦਬੋਚ ਲਿਆ। ਮੈਨੂੰ ਸਿੱਖੀ ਦਾ ਸਾਰਾ ਇਤਿਹਾਸ ਯਾਦ ਆ ਗਿਆ ਹੈ।

ਏਨੇ ਨੂੰ ਦੋਹੇਂ ਮਾਮੇ, ਸਭ ਤੋਂ ਛੋਟਾ ਤੀਜਾ ਸ਼ਾਇਦ ਬਾਹਰ ਹੀ ਰਹਿ ਪਿਆ ਹੈ, ਘਰ ਆ ਗਏ ਹਨ। ਦੋਹਾਂ ਦੀਆਂ ਦਾਹੜੀਆਂ 'ਚ ਖਤ ਪਏ ਹੋਏ ਹਨ। ਸਿਰ ਮੁੰਨੇ ਹੋਏ। ਤੇੜ ਮੈਲੇ ਚਾਦਰੇ। ਪੈਰੀਂ ਧੌੜੀ ਦੀਆਂ ਮੋਟੀਆਂ ਠੁੱਲੀਆਂ ਜੁੱਤੀਆਂ ਹਨ। ਇਕ ਦੇ ਹੱਥ 'ਚ ਬਰਛਾ ਹੈ ਤੇ ਦੂਜੇ ਦੇ ਹੱਥ 'ਚ ਕਹੀ ਅਤੇ ਗੰਡਾਸਾ। ਸੰਦ ਰੱਖ ਕੇ ਉਹਨਾਂ ਮੇਰੇ ਨਾਲ ਉੱਡ ਕੇ ਹੱਥ ਮਿਲਾਇਆ ਹੈ। ਉਹ ਮੇਰੀ ਕੰਡ ਥਾਪੜ ਕੇ ਮੇਰੇ ਨਾਲ ਦੇ ਮੰਜੇ ਤੇ ਬੈਠ ਗਏ ਹਨ। ਉਹਨਾਂ ਦੋਹਾਂ ਦੇ ਮੂੰਹ 'ਚੋਂ ਬੋਅ ਆ ਰਹੀ ਹੈ। ਅੱਖਾਂ ਚੜ੍ਹੀਆਂ ਹੋਈਆਂ ਹਨ। ਹੇਠਲੇ ਉੱਚੇ ਉਠ ਰਹੇ ਬੁੱਲ੍ਹ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੇ ਜਰਦਾ ਲਾਇਆ ਹੋਇਆ ਹੈ। 'ਤੇ ਲਾਲ੍ਹ ਪੀਤੀ ਹੋਈ ਹੈ।

ਜਿੰਦਰਾ, ਤੂੰ ਤਾਂ ਸਾਨੂੰ ਊਈਂ ਭੁੱਲ ਗਿਆ। ਕਾਮਰੇਟ ਕਾਹਦਾ ਬਣਿਐਂ..., ਦਿਸਣੋਂ ਈ ਹਟ ਗਿਐਂ। ਮੈਂ ਆਹਨਾਂ, ਪੰਜ ਸਾਲ ਤਾਂ ਹੋਗੇ, ਤੈਨੂੰ ਏਥੇ ਆਏ ਨੂੰ। ਕਿੱਥੇ ਰਿਹਾ ਏਨਾ ਚਿਰ ?"

"ਮੈਂ ਮਾਮਾ ਜੀ, ਬਾਹਰਲੇ ਸੂਬੇ 'ਚ ਹੋਰ ਪੜ੍ਹਾਈ ਕਰਨ ਚਲਾ ਗਿਆ ਸੀ।" ਮੈਨੂੰ ਇਹੀ ਗੱਲ ਜਚੀ ਕਹਿਣ ਲਈ।

"ਅੱਛਾ ? ਅਸੀਂ ਤਾਂ ਸੁਣਿਆ ਸੀ ਤੂੰ ਪੁਲਸ ਤੋਂ ਡਰਦਾ ਲੁਕਿਆ ਫਿਰਦੈਂ। ਊਂ ਪੜ੍ਹੀਆਂ ਤਾਂ ਤੂੰ ਤਾਂ ਅੱਗੇ ਈ ਬਥੇਰੀਆਂ ਸੀ। ਖਨੀ ਚੌਦਾਂ ਪਾਸ ਕਰੀਆਂ ਸੀ ?"

"ਹਾਂ...ਫਿਰ ਮੈਂ ਕਿਹਾ ਹੋਰ ਪੜ੍ਹ ਲਵਾਂ।"

"ਚੰਗਾ, ਚੰਗਾ ਕੁਛ ਵੱਡਾ ਈ ਬਣ—ਅਫਸਰ ਬਣੇਂਗਾ ਤਾਂ ਅਸੀਂ ਵੀ ਫਰਮਾਇਸ਼ ਲੈ ਆਇਆ ਕਰਾਂਗੇ ਕਦੀ।"

ਰੋਟੀ ਪਾਣੀ ਕਰਕੇ ਅਸੀਂ ਦੋ ਦੋ ਤਿੰਨ ਜਾਣੇ ਹੋ ਕੇ ਮੰਜਿਆਂ ਤੇ ਪੈ ਗਏ। ਕੁਝ ਚਿਰ ਐਧਰ ਓਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਫੇਰ ਛੋਟੇ ਮਾਮੇ ਨੇ ਬਾਹਰੋਂ ਆ ਕੇ ਵੱਡੇ ਮਾਮੇ ਦੇ ਕੰਨ 'ਚ ਘੁਸਰ ਮੁਸਰ ਕੀਤੀ ਤੇ ਉਹ ਦੋਵੇਂ ਗੰਡਾਸਾ ਤੇ ਬਰਛਾ ਲੈ ਕੇ, ਪਸ਼ੂਆਂ ਦੇ ਛੱਪਰ ਵੱਲ ਨੂੰ ਹੋ ਤੁਰੇ। ਝੱਟ ਕੁ ਪਿਛੋਂ

ਸਾਨੂੰ ਪਤਲੀ ਪਤਲੀ ਅਵਾਜ਼ ਸੁਣਾਈ ਦਿਤੀ ਜਿਵੇਂ ਕੋਈ ਚੀਜ਼ ਰੇਤੀ ਨਾਲ ਰਗੜੀ ਜਾ ਰਹੀ ਹੋਵੇ।

ਵੱਡੀ ਮਾਮੀ ਦੱਬਮੇਂ ਪੈਰੀਂ ਛੱਪਰ ਦੇ ਉਹਲੇ ਹੋ ਕੇ ਸਾ ਖੜੋਤੀ ਹੈ ਤੇ ਅਸੀਂ ਵੀ ਸਾਹ ਰੋਕੀ ਉਧਰ ਵੱਲ ਧਿਆਨ ਲਾ ਲਿਆ ਹੈ। ਦੋ ਕੁ ਮਿੰਟਾਂ ਪਿਛੋਂ ਪਤਾ ਨਹੀਂ ਕਿਉਂ, ਮਾਮੀ ਭੱਜ ਕੇ ਆਈ ਹੈ ਤੇ ਮੈਨੂੰ 'ਕੱਲੇ ਨੂੰ ਪਾਸੇ ਬੁਲਾ ਲਿਆ ਹੈ।

ਜਿੰਦਰਾ ਪੁੱਤ, ਤੂੰ ਚੰਗਾ ਹੋ ਗਿਆ ਅੱਜ ਆ ਗਿਐਂ। ਇਹ ਕੁਲਛਣੇ ਕੋਈ ਕਾਰਾ ਕਰਨਗੇ ਅੱਜ। ਸਾਡੇ ਗੁਆਂਢ ਇਕ ਜੱਟ ਐ ਨਾਜ਼ਰ ਨਾਜਰ। ਸ਼ਰੀਫ ਬੰਦਾ। ਵਿਚਾਰੇ ਕੋਲ ਦਸ ਕਿੱਲੇ ਪੈਲੀ ਐ ਸਾਰੀ। ਰੱਬਰ ਸੁੱਖ ਨਾਲ ਵੱਡਾ। ਪਿਛਲੇ ਦਿਨੀਂ ਸਰਦਾਰਾਂ ਨੇ ਧੱਕੇ ਨਾਲ ਉਹ ਬੁੱਟ ਢਾਅ ਪਿਛਾਂਹ ਕਰਕੇ, ਆਪ ਵੱਧ ਥਾਂ ਵਾਹ ਲਈ। ਅਗਲੇ ਨੇ ਤਾਂ ਚੀਕਣਾ ਹੀ ਸੀ। ਉਨ੍ਹਾਂ ਸਰਦਾਰਾਂ ਨੂੰ ਗਾਲ੍ਹਾਂ ਦਿਤੀਆਂ। ਇਹ ਕਲਮੂੰਹੇ ਦੋਹੇਂ ਉਨ੍ਹਾਂ ਦੇ ਗਲ ਜਾ ਪਏ। ਮੈਂ ਆਹਨੀਂ ਆਂ ਔਤਰਿਓਂ ਤੁਸੀਂ ਕਾਹਨੂੰ ਮੂਹਰੇ ਹੋਂ ਮਰਦੇ ਓ—ਕਮਜ਼ਾਤੋ! ਅਗਲੇ ਦੇ ਨਾਲ ਦੋ ਮੁੰਡੇ ਇਕ ਭਰਾ ਸੀ। ਇਹਨਾਂ ਨੂੰ ਪੈ ਗਏ। ਮਾਰ ਤਾਂ ਇਹ ਵੀ ਗਏ ਪਰ ਅਗਲੇ ਚਾਰ ਸੀ, ਚੰਗੀਆਂ ਠੋਕੀਆਂ ਇਹਨਾਂ ਦੇ ਪੁੜਿਆਂ ਤੇ। ਇਹ ਭੱਜ ਆਏ। ਹੁਣ ਓਦਣ ਦੀ ਬ੍ਰਿੜਕਾ ਲੈਂਦੇ ਫ਼ਿਰਦੇ ਐ। ਮੈਨੂੰ ਦੀਹਦੀ ਐ ਅੱਜ ਉਹਨਾਂ ਦੀ ਪਾਣੀ ਦੀ ਵਾਰੀ ਐ। ਅੰਦਰ ਬੈਠੇ ਕਰੀ ਜਾਂਦੇ ਐ, 'ਅੱਜ ਉਹਨੂੰ ਛੱਡਣਾ ਨ੍ਹੀਂ ਜੱਟ ਨੂੰ।'

'ਜਾਹ ਮੇਰਾ ਪੁੱਤ...ਅਸੀਂ ਅੱਗੇ ਕਿਹੜਾ ਸੁਖੀ ਆਂ। ਅੱਗੇ ਬੰਦਾ ਮਾਰ ਕੇ ਤਾਂ ਇਹ ਸਬੱਬੀ ਬਚਗੇ, ਹੁਣ ਇਹਨਾਂ ਬੱਚੇ ਨ੍ਹੀ ਛੁੱਟਣਾ। ਅਸੀਂ ਰੁੱਖੇ ਮਿੱਸੇ ਟੁਕੜਿਓਂ ਵੀ ਜਾਵਾਂਗੇ। ਸਰਦਾਰਾਂ ਦਾ ਕੀ ਜਾਊ। ਸਾਡਾ ਤਾਂ ਰੁਹਿੰਦਾ ਖੂੰਹਦਾ ਵੀ ਉੱਜੜ ਜੂ। ਜਾਈਂ ਮੇਰਾ ਵੀਰ, ਇਹਨਾਂ ਨੂੰ ਲਿਆ ਫੜ ਕੇ।' ਆਖਦਿਆਂ ਮਾਮੀ ਨੇ ਮੇਰੇ ਅੱਗੇ ਦੋਹੇਂ ਹੱਥ ਜੋੜ ਦਿਤੇ 'ਤੇ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝੀਆਂ।

'ਨਹੀਂ ਜਿੰਦਰਾ ਤੈਨੂੰ ਨ੍ਹੀ ਪਤਾ, ਜੱਟ ਮਸਤਿਆਈ ਬਾਹਲੈ। ਨਾਲੇ ਮਾਵਾਂ ਭੈਣਾ ਦੀਆਂ ਗਾਲ੍ਹਾਂ ਕੱਢਗੇ, ਨਾਲੇ ਡਾਂਗ ਮਾਰਗੇ। ਇਹਨਾਂ ਦੀ ਰੁੱਕ ਲਾ ...।'

'ਤੁਸੀਂ ਠੀਕ ਹੀ ਸਹੀ ਮਾਮਾ ਜੀ, ਥੋਨੂੰ ਗੁੱਸਾ ਐਂ ਉਹਨਾਂ 'ਤੇ। ਪਰ ਗੱਲ ਤਾਂ ਦੱਸੋ ਵਿਚੋਂ ਕੀ ਸੀ?' ਮੈਂ ਜਾਣਦਿਆਂ ਹੋਇਆਂ ਵੀ, ਗੱਲ ਤੋਰਨ ਲਈ ਅਨਜਾਣ ਬਣ ਗਿਆ।

ਗੱਲ ਤਾਂ ਐਂ ਸੀ ਜਿੰਦਰਾ, ਬਈ ਸਰਕਾਰ ਦੇ ਛੋਟੇ ਮੁੰਡੇ ਨੇ ਚੌੜ ਚੌੜ 'ਚ ਹਿੰਦੋਸਤਾਨ ਟਰੈਕਟ ਥੋੜਾ ਜਿਹਾ ਉਤਾਂਹ ਚੜ੍ਹਾ ਕੇ ਲਾ ਤਾ। ਇਹਦੇ ਨਾਲ ਪੈਂਦੀ ਬੱਟ ਤਵੀਆਂ ਨੇ ਪੱਟ ਤੀ। ਫੇਸ ਅਸੀਂ ਉਲਟਾਂਵਾਂ ਹਲ ਲਾਕੇ ਟਰੈਕਟ ਨਾਲ ਈ ਬੱਟ ਪਾਤੀ ਉਥੇ ਈ। ਇਹ ਨਾਢੂ ਖਾਂ ਆਕੇ ਪਹਿਲਾਂ ਸਰਦਾਰ ਦੀ ਧੀ ਦੀ ਭੈਣ ਦੀ ਕਰਦੇ ਰਹੇ। ਅਸੀਂ ਮਾੜਾ ਜਿਹਾ ਰੋਕਿਆ ਤਾਂ ਚਾਰੇ ਖੁਰ ਚੁੱਕਕੇ ਸਾਨੂੰ ਪੈ ਗਏ। ਅਸੀਂ ਮਸਾਂ ਭੱਜ ਕੇ ਜਾਨ ਬਚਾਈ। ਨਹੀਂ ਸਾਨੂੰ ਇਹ ਮਾਰ ਦਿੰਦੇ। ਹੁਣ ਓਦਣ ਦੇ ਖੰਘੂਰੇ ਮਾਰ ਮਾਰਕੇ ਕੋਲੋਂ ਦੀ ਲੰਘਦੇ ਐ। ਪਰਸੋਂ ਸਰਦਾਰਾਂ ਨੂੰ ਫੇਰ ਗਾਲ੍ਹੀ ਡਹਿ ਪਏ। ਉਹ ਨੇ ਠਾਣੇ ਵਲ 'ਤੇ। ਅਗਲਿਆਂ ਦਾ ਉਤੋਂ ਤਾਈਂ ਹੱਥ ਪੈਂਦੇ। ਕੱਲ ਪਿੰਡ ਵਾਲੇ ਜ਼ਮਾਨਤਾਂ 'ਤੇ ਲਿਆਏ ਐ ਛੁਡਾ ਕੇ। ਅੱਜ ਤੜਕੇ ਫ਼ੇਰ ਬਾਈ ਨੂੰ ਘੂਰ ਘੂਰ ਵੇਖਦੇ ਸੀ। ਅਸੀਂ ਸਰਦਾਰ ਨੂੰ ਦੱਸਿਆ। ਉਹ ਕਹਿੰਦਾ ਲਾਹ ਦਿਉ ਲਤੇ ਸਾਲੇ ਦੀ ਮੈਂ ਆਪੇ ਸਮਝ ਲਵਾਂਗਾ। ਨਾਲੇ ਸਾਡੇ ਨਾਲ ਇਹਨੇ ਕਿਹੜੀ ਘੱਟ ਕੀਤੀ ਐ।' ਆਖ ਕੇ ਮਾਮੇ ਨੇ ਫੇਰ ਗੰਡਾਸਾ ਚੁੱਕ ਲਿਆ ਤੇ ਉਹ ਉਠ ਕੇ ਤੁਰਨ ਲੱਗਾ ਸੀ ਜਦੋਂ ਮਾਮੀ ਨੇ ਬਾਂਹ ਫੜ ਕੇ ਫੇਰ ਬਹਾ ਲਿਆ।

ਮਾਮਾ ਜੀ ਤੈਨੂੰ ਤੇ ਵੱਡੇ ਮਾਮੇ ਨੂੰ ਕਿੰਨੇ ਸਾਲ ਹੋ ਗਏ ਸੀਰ ਕਰਦਿਆਂ!

'ਅਸੀਂ ਤਾਂ ਬਾਪੂ ਮਰੇ ਤੋਂ ਈ ਇਹਨਾਂ ਦੇ ਸੀਰ ਕਰ ਲਿਆ ਸੀ। ਕੋਈ ਹੋਗੇ ਹੋਣਗੇ ਵੀਹ ਬਾਈ ਵਰ੍ਹੇ। ਸਾਡੀ ਕੋਈ ਇਹਨਾਂ ਨਾਲ ਹੁਣ ਦੀ ਸਾਂਝ ਐ। ਬਾਬਾ ਤੇ ਬਾਪੂ ਦੋਹੇਂ ਇਹਨਾਂ ਦੇ ਸੀਰ ਕਰਦੇ ਰਹੇ ਐ।'

'ਇੰਨੇ ਵਰ੍ਹਿਆਂ 'ਚ ਤੁਸੀਂ ਕਿੰਨੀ ਕਮਾਈ ਕਰੀ ਹੋਊ ਭਲਾ?'

'ਲੈ ਭਲਿਆ ਮਾਣਸਾ, ਕਮਾਈ ਸਾਰੀ ਅਸੀਂ ਕੀਤੀ ਹੈ, ਅੰਬਾਰ ਲਾ ਦੇਈਦੇ ਐ ਕਣਕਾਂ ਕਪਾਹਾਂ ਦੇ।'

"ਕੀਹਦੇ ਘਰੇ?"

"ਜੀਹਦੇ ਕਿੱਲੇ ਐ, ਹੋਰ ਪੱਲੋਂ ਦੇ।"

'ਏਨੀ ਕਮਾਈ 'ਚੋਂ ਤੁਸੀਂ ਕੀ ਬਚਾਇਐ? ਕੀ ਖੱਟਿਐ?'

'ਸਾਨੂੰ ਸਾਡਾ ਬਣਦਾ ਮਿਲੀ ਜਾਂਦੈ.. ਰੁੱਖੀ ਮਿੱਸੀ ਚੱਲੀ ਜਾਂਦੀ ਐ—ਏਨਾ ਥੋੜੈ?'

'ਪਰ ਅਗਲਿਆਂ ਕੋਲ ਤਾਂ ਕਾਰਾਂ ਹੈਨ, ਕੋਠੀਆਂ, ਬੰਗਲੇ ਐ। ਜ਼ਮੀਨ ਵੀ ਦੁਗਣੀ ਤਿਗੁਣੀ ਹੋ ਗਈ ਹੋਣੀ ਐ? ਉਂ ਸਰਦਾਰ ਬੰਡੇ ਨਾਲ ਰਲਕੇ ਵਾਹੁੰਦੇ ਐ, ਬੀਜਦੇ ਐ? ਗੁਡਦੇ ਐ ਜਾਂ ਵੱਢ ਕੇ ਕਢਾਉਂਦੇ ਐ?

'ਕਾਮਰੇਟਾ ਤੇਰੀ ਵੀ ਮੱਤ ਮੈਨੂੰ ਲਗਦੈ ਪੁੱਠੀ ਫਿਰਗੀ—ਭਲਾ ਜਿੰਨਾਂ ਦੇ ਕਰਮ ਅਮੀਰੀ ਲਿਖੀ ਐ ਐਸ਼ ਲਿਖੀ ਐ ਉਹ ਭਲਾ ਕਿਉਂ ਕੁਰਨ। ਅਗਲੇ ਆਪਣੇ ਪਿਛਲੇ ਚੰਗੇ ਕਰਮਾਂ ਦਾ ਖਾਂਦੇ ਐ। ਅਸੀਂ ਚੰਗੇ ਨੀ ਕੀਤੇ, ਸਾਨੂੰ ਚੰਗਾ ਜੁੜਦਾ ਨੀ।...ਆਪਣੇ ਆਪਣੇ ਲੇਖ ਖਾਣੇ ਐ ਸਭ ਨੇ। ਅਗਲਿਆਂ ਨੇ ਬੰਦੇ

ਰੱਖੇ ਐ...ਹਿੱਸਾ ਦਿੰਦੇ ਐ ਤੇ ਕੰਮ ਕਰਾਉਂਦੇ ਐ।

'ਪਰ ਮੈਂ ਥੋਨੂੰ ਪੁੱਛਦਾ ਬਈ ਏਨੀ ਕਮਾਈ ਤੁਸੀਂ ਕੀਤੀ। ਥੋਡੇ ਪੱਲੇ ਤਾਂ ਟੱਕਾ ਨੀ। ਪੰਜਾਹ ਸਾਲ ਪਹਿਲਾਂ ਵੀ ਥੋਡੇ ਇਹੀ ਛੱਪਰ ਸੀ। ਤੇ ਹੁਣ ਵੀ ਏਹੋ। ਥਾਂ ਥਾਂ ਤੋਂ ਜੁਆਨਾਂ ਦੇ ਲੀੜੇ ਪਾਟੇ ਐ। ਮੰਜੇ ਟੁੱਟੇ ਪਏ ਐ। ਦੋਣਾਂ ਥਾਂ ਥਾਂ ਤੋਂ ਗੰਢੀਆਂ। ਜੇ ਮਾਮੀ ਹੋਰੀਂ ਵੀ ਨਾ ਕਰਨ ਤਾਂ ਤੁਸੀਂ ਦੋ'ਹ ਦਿਨਾਂ 'ਚ ਭੁੱਖੇ ਮਰਜੋ। ਤੇ ਓਧਰ ਅਗਲੇ ਥੋਡੇ ਸਿਰ 'ਤੇ ਚਾਘਰਾਂ ਮਾਰਦੇ ਐ। ਮੌਜਾਂ ਲੁੱਟਦੇ ਐ। ਬੁੱਲੇ ਵੱਢਦੇ ਐ। ਕਾਰ ਤੋਂ ਥੱਲੇ ਪੈਰ ਨ੍ਹੀ ਪਾਉਂਦੇ ਤੇ ਤੁਸੀਂ ਬਿਨਾਂ ਸੋਚੇ ਸਮਝੇ ਉਹਨਾਂ ਮਗਰ ਲੱਗ ਕੇ ਬੰਦੇ ਵੀ ਮਾਰਨ ਤੁਰ ਪਏ ਐਂ।"

"ਤੈਨੂੰ ਜਿੰਦਰਾ ਹੁਣ ਕੀ ਪਤੈ। ਸਾਡਾ ਤਾਂ ਸਰਦਾਰਾਂ ਬਿਨਾਂ ਅਗਲੇ ਦੋ'ਹ ਦਿਨਾਂ 'ਚ ਕਚੂੰਬਰ ਕੱਢ ਦੇਣ। ਅੱਗੇ ਜਦੋਂ ਸਾਥੋਂ ਬੰਦਾ ਕਤਲ ਹੋ ਗਿਆ ਸੀ ਤੇ ਅਸੀਂ ਹੇਠੋਂ ਵੀਹ ਸਾਲੇ ਬੱਝ ਗਏ ਸੀ। ਇਹਨਾਂ ਨੇ ਹੀ ਆਪਣੇ ਜ਼ੋਰ ਤੇ ਸਾਨੂੰ ਹਾਈ-ਕੋਰਟ 'ਚੋਂ ਬਰੀ ਕਰਾ ਲਿਆਂਦਾ ਤੇ ਫੁੱਲ ਦੀ ਨ੍ਹੀ ਲਗਣ ਦਿੱਤੀ। ਸਾਨੂੰ ਫਿਰ ਮਾੜੇ ਕਿਵੇਂ ਹੋਏ।'

'ਅੱਛਾ ਮਾਮਾ ਜੀ ਤੁਸੀਂ ਉਹ ਬੰਦਾ ਮਾਰਿਆ ਕਿਉਂ? ਥੋਡੀ ਕੋਈ ਦੁਸ਼ਮਣੀ ਸੀ ਉਹਦੇ ਨਾਲ? ਉਹਨੇ ਥੋਡੀ ਥੱਟ ਵੱਢ ਲਈ ਸੀ ਕਿ ਘਰ ਢਾਅਤਾ ਸੀ ਜਾਂ ਇੱਜਤ ਨੂੰ ਹੱਥ ਪਾਇਆ ਸੀ?

ਐਵੇਂ ਸਾਲਾ ਜੱਟ, ਘਰੇ ਚੂਹੇ ਨੀ ਸੀ ਰੱਜਦੇ, ਮਾੜੇ ਜੇ ਖਾਲ ਪਿੱਛੇ ਸਰਦਾਰਾਂ ਨਾਲ ਪੰਗੇ ਲੈਂਦਾ ਸੀ। ਨਾਲੇ ਸਾਨੂੰ ਘੂਰਦਾ ਸੀ। ਅਖੇ ਮੈਂ ਆਪਣੇ ਖੇਤ 'ਚੋਂ ਖਾਲ ਨੀ ਲੰਘਣ ਦੇਣਾ। ਅਸੀਂ ਖ਼ਾਲ ਪਾਉਣ ਲੱਗੇ। ਉਹ ਢਾਹੁਣ ਆ ਪਿਆ ਅਸੀਂ ਚੌਪੜਤਾ ਉਥੇ ਈ। ਕਰਾਤੀ ਧੰਨ ਧੰਨ।"

'ਤਾਂ ਫਿਰ ਅੱਜ ਕਿਸੇ ਹੋਰ ਦੀ ਧੰਨ ਧੰਨ ਕਰਾਉਣ ਚੱਲੇ ਐਂ ਹੈ ਨਾਂ?' ਮਾਮਾ ਜੀ ਮੈਨੂੰ ਦਸੋਗੇ ਕਿ ਥੱਟ ਸਰਦਾਰਾਂ ਨੇ ਅਗਲੇ ਦੀ ਕਿਉਂ ਢਾਹੀ? ਐ ਤਾਂ ਇਹ ਕੱਲ੍ਹ ਨੂੰ ਅਗਲੇ ਦਾ ਕਿੱਲਾ ਵਲ ਖੜੋਣਗੇ। ਤੇ ਛਿਛ ਕਰਕੇ ਕੱਢ ਦੇਣਗੇ।

"ਅਗਲਿਆਂ ਦੀ ਕਿਸਮਤ ਸਾਥ ਦਿੰਦੀ ਐ ਬਾਈ ਸਿਆਂ। ਜਿਧਰ ਹੱਥ ਪਾਉਂਦੇਐਂ ਪੌਂ ਬਾਰਾਂ ਹੋ ਜਾਂਦੀ ਐਂ।...ਉਹਨਾਂ ਕਰਕੇ ਸਾਡੇ ਮੂਹਰੇ ਵੀ ਜੱਟ ਨ੍ਹੀ ਥਿਰਕਦੇ। ਆਉਂਦਿਆਂ ਨੂੰ ਵੇਖ ਰਾਹ ਛੱਡ ਜਾਂਦੇ ਐ।"

"ਤਾਂ ਫਿਰ ਤੁਸੀਂ ਹੁਣ ਫੇਰ ਉਹਨਾਂ ਸਰਦਾਰਾਂ ਖਾਤਰ ਬੰਦਾ ਮਾਰ ਦਿਉਗੇ! ਪਰ ਥੋਨੂੰ ਕੀ ਮਿਲ ਜੂ, ਘਰ ਪੱਕੇ ਪੈ ਜਾਣਗੇ ਕਿ ਪਰੌਂਠੇ ਪੱਕਣ ਲੱਗ ਜਾਣਗੇ ਕਿ ਸਰਦਾਰ ਥੋਡੇ ਨਾਂ ਕਿੱਲੇ ਲੁਆ ਦੇਣਗੇ?"

"ਚਲ, ਇਹ ਤਾਂ ਆਪਣੀ ਆਪਣੀ ਲਿਖਤਕਾਰ ਐ। ਸਾਡੇ ਕਰਮ ਸਾਡੇ ਨਾਲ। ਉਹਨਾਂ ਦੇ ਉਹਨਾਂ ਨਾਲ। ਧੰਨ ਧੰਨ ਤਾਂ ਹੋ ਜੂ ਨਾ ਅਲਾਕੇ 'ਚ। ਨਾਲੇ ਜਿੰਨਾਂ ਦਾ ਲੂਣ ਪਾਣੀ ਖਾਈਏ ਤਿੰਨਾ ਦੇ ਗੁਣ ਗਾਈਏ। ਅਸੀਂ ਉਹਨਾਂ ਨੂੰ ਕਿਵੇਂ ਛੱਡ ਦੇਈਏ ਜਦੋਂ ਉਹ ਸਾਥੋਂ ਮੂੰਹ ਨ੍ਹੀ ਮੋੜਦੇ।..."

'ਦੇਖੋ ਮਾਮਾ ਜੀ, ਜਦੋਂ ਤੀਕ ਤੁਸੀਂ ਇਉਂ ਹੀ ਸੋਚੀ ਜਾਓਗੇ ਥੋਡੇ ਕਰਮ ਨੀ ਉੱਘੜਨੇ। ਭਲਾ ਥੋਡਾ ਤੇ ਨਾਜਰ ਜੱਟ ਦਾ ਆਪਸੀ ਕੀ ਵੈਰ ਹੈ? ਥੱਟ ਸਰਦਾਰ ਨੇ ਢਾਹੀ, ਗਾਲਾਂ ਨਾਜਰ ਨੇ ਉਹਨਾਂ ਨੂੰ ਕੱਢੀਆਂ। ਤੁਸੀਂ ਵਿਚਾਲੇ ਕਿਉਂ ਮਰਦੇ ਐਂ? ਥੋਡਾ ਸਰਦਾਰਾਂ ਨੇ ਕੀ ਬਨਾ ਦਿੱਤਾ। ਅੱਧੇ ਪਿੰਡ ਦੀ ਜਮੀਨ ਉਹਨਾਂ ਹੜੱਪ ਲਈ ਥੋਡੇ ਸਿਰ 'ਤੇ। ਕਾਰਾਂ ਸਕੂਟਰ ਖਰੀਦ ਲਏ ਥੋਡੇ ਸਿਰ 'ਤੇ। ਕੋਠੀਆਂ ਉਸਾਰ ਲਈਆਂ ਥੋਡੇ ਸਿਰ 'ਤੇ। ਸਰਕਾਰੇ ਦਰਬਾਰੇ ਪਹੁੰਚ ਬਣਾ ਥੋਡੇ ਸਿਰ ਤੇ। ਪਰ ਤੁਸੀਂ ਭੁੱਖੇ ਦੇ ਭੁੱਖੇ, ਨੰਗੇ ਦੇ ਨੰਗੇ। ਉਹ ਲੋਕਾਂ ਦੇ ਹੱਕਾਂ ਤੇ ਛਾਪੇ ਮਾਰਦੇ ਫਿਰਦੇ ਐ ਤੇ ਤੁਸੀਂ ਉਸ ਬਦਮਾਸ਼ ਟੋਲੇ ਦੀ ਰਾਖੀ ਕਰਦੇ ਫਿਰਦੇ ਐਂ। ਉਹ ਐਸਾ ਕਰਦੇ ਐ... ਥੋਡੀਆਂ ਇੱਜਤਾਂ ਵੀ ਲੁਟਦੇ ਐ। ਤੁਸੀਂ ਦੱਸੋ ਛੋਟੀ ਮਾਮੀ ਨੂੰ, ਘਰ ਗਈ ਨੂੰ, ਸਰਦਾਰ ਦੇ ਮੁੰਡੇ ਨੇ ਹੱਥ ਨ੍ਹੀ ਸੀ ਪਾਇਆ?'

'ਇਹਨਾਂ ਨੂੰ ਕੀ ਵੀਰ, ਬੋਤਲਾਂ 'ਚ ਮੂਤ ਭਰ ਭਰ ਦੇ ਦਿਉ ਇਹਨਾਂ ਨੂੰ ਤਾਂ, ਬਸ ਸਭ ਕੁਛ ਭੁੱਲ ਜਾਂਦੇ ਐ ਫਿਰ।' ਮੈਂ ਹੈਰਾਨ ਸੀ ਮਿੰਦਰੀ ਏਨਾ ਕਹਿਣ ਦਾ ਜੇਰਾ ਕਿਵੇਂ ਕਰ ਗਈ। ਪਰ ਮੈਂ ਵੇਖਿਆ ਕਿ ਦੋਹਾਂ ਮਾਮਿਆਂ ਨੇ ਮਿੰਦਰੀ ਨੂੰ ਘੂਰ ਕੇ ਨਹੀਂ ਸੀ ਵੇਖਿਆ ਸਗੋਂ ਨੀਵੀਂ ਪਾ ਲਈ।

'ਉਹ ਤਾਂ ਤੇਰੀ ਗੱਲ ਠੀਕ ਏ ਜਿੰਦਰਾ। ਪਰ ਕਰੀਏ ਕੀ ਢਿੱਡ ਜੂ ਝੁਲਸਣਾ ਹੋਇਆ। ਭੁੱਖੇ ਮਰਦੇ ਦੀ ਇੱਜਤ-ਖੁਨਾਮੀ ਇਕੋ ਹੋ ਰਹਿੰਦੀ ਐ।' ਧੀਆਂ ਤੋਂ ਗਿੱਚੀ 'ਚ ਚੰਡ ਖਾ ਕੇ ਮਾਮੇ ਦੀ ਜਿਵੇਂ ਸੁਰਤ ਟਿਕਾਣੇ ਆ ਗਈ ਸੀ।

'ਥੋਨੂੰ ਆਪਣੀ ਲੁਟਦੀ ਇੱਜਤ ਤੇ ਤਾਂ ਅਣਖ ਨਾ ਆਈ। ਉਦੋਂ ਤਾਂ ਥੋਡੀ ਗ਼ੈਰਤ ਨਾ ਜਾਗੀ। ਪਰ ਨਾਜਰ ਜੱਟ ਦੀਆਂ ਸਰਦਾਰਾਂ ਨੂੰ ਕੱਢੀਆਂ ਗਾਲ੍ਹਾਂ ਸੁਣ ਕੇ ਤੁਸੀਂ ਉਹਦਾ ਸਿਰ ਵੱਢਣ ਨੂੰ ਫਿਰਦੀਐਂ—ਹੁਣ ਥੋਨੂੰ ਅਣਖ ਵੀ ਆਗੀ—ਸ਼ਾਬਾਸ਼ੇ ਮਾਮਾ ਜੀ ਥੋਡੇ। ਧੰਨ ਤੁਸੀਂ, ਧੰਨ ਥੋਡੀ ਅਕਲ।'

'ਫਿਰ ਤੂੰਹੀ ਦਸੋ ਕਿੱਧਰ ਨੂੰ ਜਾਈਏ। ਕਿਹੜੇ ਖੂਹ 'ਚ ਪਈਏ? ਅਸੀਂ ਤਾਂ ਚਾਰਾਂ ਪਾਸਿਆਂ ਤੋਂ ਮਾਰੀਦੇਆਂ। ਐਨੇ ਜੀਆਂ ਦਾ ਪੇਟ ਵੀ ਭਰਨੈਂ ਜਿਹੜਾ ਆਥਣ ਔਂਗਣ ਖਾਣ ਨੂੰ ਮੰਗਦੈ। ਮਰਦਾ ਕੀ ਨੀ ਕਰਦਾ।'

'ਦੇਖੋ ਮਾਮਾ ਜੀ, ਪਹਿਲੀ ਤੇ ਪੱਤੀ-ਗੱਲ ਤਾਂ ਇਹ ਐ ਬਈ ਸਰਦਾਰ ਨਾ ਅੱਜ ਤੁਹਾਡੇ ਮਿੱਤਰ, ਨਾ ਕੱਲ੍ਹ ਸੀ ਤੇ ਨਾ ਕਦੀ ਹੋਣਗੇ। ਦੂਜੀ ਗੱਲ, ਕਿਸੇ ਜੱਟ ਦਾ ਸਰਦਾਰਾਂ ਨਾਲ ਜੇ ਝਗੜਾ ਹੈ, ਤਾਂ ਤੁਸੀਂ ਮੂਹਰੇ ਹੋ ਕੇ ਕਿਉਂ ਮਰਦੇ ਐਂ। ਮਰਨ ਸਰਦਾਰ ਜਿਹੜੇ ਮਾੜੀਆਂ ਕਰਤੂਤਾਂ ਕਰਦੇ ਐਂ। ਜਿੰਨ੍ਹਾਂ ਨੇ ਅਗਲਿਆਂ ਦੀ ਪੈਲੀ ਨੱਪੀ ਐ। ਥੋੜਾ ਤਾਂ ਸਰਦਾਰਾਂ ਕੁਝ ਨੀ ਸੁਆਰਨਾਂ ਨਾ ਸਵਾਰਿਐ। ਤੁਹਾਨੂੰ ਬੁੱਧੂ ਬਣਾ ਕੇ ਮਗਰ ਲਾਈ ਬੈਠੇ ਐ। ਤੀਜੀ ਗੱਲ ਮੈਨੂੰ ਥੋੜੀ ਆਹ ਸ਼ਰਾਬ ਪੀਣੀ ਉੱਕਾ ਚੰਗੀ ਨੀ ਲੱਗਦੀ। ਘਰੇ ਨਿਆਣੇ ਨੰਗੇ ਭੁੱਖੇ ਮਰਦੇ ਐ ਤੇ ਤੁਸੀਂ ਲਾਹਣ ਪੀ ਕੇ-ਘੁਰਾੜੇ ਮਾਰ ਛੱਡਿਆ ਕਰੋ। ਜਾਂ ਸਰਦਾਰਾਂ ਦੇ ਕਹੇ ਕਿਸੇ ਦੀ ਲੱਤ ਬਾਂਹ ਵੱਢ ਛੱਡਿਆ ਕਰੋ।'

'ਵਿਹਲੀ 'ਚ ਖੜਕਾ ਸੁਣ, ਮਾਮਾ ਹੱਥੋਂ ਗੰਡਾਸਾ ਸੁੱਟ ਬੂਹੇ ਵੱਲ ਭੱਜ ਕੇ ਗਿਆ ਹੈ। ਕਿਸੇ ਡਰੋਂ ਅਸੀਂ ਵੀ ਸਾਰੇ ਮਗਰੇ ਲੱਗ ਤੁਰੇ ਹਾਂ।'

"ਕੌਣ.. ਬਾਈ ਨਾਜਰ ਸਿਹੁੰ ਐਂ ?"

"ਹਾਂ...ਐਜਾ, ਬਾਹਰ ਦੇਖਣੇਂ ਤਾਂ ਪੈਂਤੜਾ।" ਆਖ ਕੇ ਨਾਜ਼ਰ ਨੇ ਬਰਛਾ ਸਿੱਧਾ ਕਰ ਲਿਆ ਹੈ।

'ਨ੍ਹੀਂ ਬਾਈ, ਤੂੰ ਘਾਬਰ ਨਾ, ਮੈਂ ਤਾਂ ਇਹ ਕਹਿਣ ਆਇਆਂ ਤੈਨੂੰ ਬਈ, ਵੀਰ ਆਪਣੀ ਕਾਹਦੀ ਲੜਾਈ ਐ ਗਰੀਬਾਂ ਦੀ। ਆਪਾਂ ਆਪਸ ਵਿਚ ਕਾਹਨੂੰ ਲੜਦੇ ਆਂ। ਤੁਸੀਂ ਉਹਨਾਂ ਨਾਲ ਜਿਵੇਂ ਮਰਜ਼ੀ ਨਿਬੇੜੋ ਜਿੰਨਾਂ ਥੋੜਾ ਕੁਛ ਬਿਗਾੜਿਐ। ਹੁਣ ਕਦਾਚਿੱਤ ਵੀ ਅਸੀਂ ਵਿੱਚ ਨ੍ਹੀ ਆਉਂਦੇ।'

ਮੈਂ ਵੇਖਿਆ ਕਿ ਗੱਲਾਂ ਕਰਦਾ ਕਰਦਾ ਮਾਮਾ ਨਾਜਰ ਸਿੰਘ ਦੇ ਨੇੜੇ ਹੋ ਖਲੋਤਾ ਹੈ। ਉਸਨੇ ਵੀ ਬਰਛੇ ਨੂੰ ਕਸ ਕੇ ਪਾਏ ਹੱਥ ਢਿੱਲੇ ਛੱਡ ਦਿੱਤੇ ਹਨ ਬਰਛੇ ਦਾ ਮੂੰਹ ਅਸਮਾਨ ਵੱਲ ਸਿੱਧਾ ਕਰ ਦਿੱਤਾ ਹੈ।

oo

## ਪੰਜਾਬ ਲੋਕ ਸੱਭਿਆਚਾਰਕ ਮੰਚ ਵਲੋਂ ਵਿਸ਼ਾਲ ਗੀਤ ਸੰਗੀਤ ਸਮਾਗਮ

8 ਅਗਸਤ 1982 ਨੂੰ ਦੇਸ਼ ਭਗਤ ਹਾਲ ਜਲੰਧਰ ਵਿਚ ਪੰਜਾਬ ਲੋਕ ਸੱਭਿਆਚਾਰਕ ਮੰਚ ਵਲੋਂ ਇਕ ਵਿਸ਼ਾਲ ਗੀਤ ਸੰਗੀਤ ਸਮਾਗਮ ਆਯੋਜਤ ਕੀਤਾ ਗਿਆ। ਇਸ ਸਮਾਗਮ ਵਿਚ ਪੰਜਾਬ ਦੇ ਕੋਨੇ ਕੋਨੇ 'ਚੋਂ ਪਹੁੰਚੇ ਕ੍ਰਾਂਤੀਕਾਰੀ ਗਾਇਕਾਂ ਤੇ ਗਾਇਕ-ਟੀਮਾਂ ਨੇ ਵਿਸ਼ਾਲ ਗਿਣਤੀ ਵਿਚ ਹਿੱਸਾ ਲਿਆ। ਲਗਾਤਾਰ ਪੰਜ ਘੰਟੇ ਤੱਕ ਚੱਲਣ ਵਾਲੇ ਇਸ ਪ੍ਰੋਗਰਾਮ ਨੂੰ ਚਾਰ ਸੌ ਤੋਂ ਵੱਧ ਕਲਾਕਾਰਾਂ ਤੇ ਕਲਾ ਪ੍ਰੇਮੀਆਂ ਨੇ ਬੜੀ ਰੀਝ ਨਾਲ ਮਾਣਿਆ। ਸਟੇਜ ਸਕੱਤਰ ਦੀ ਜ਼ਿੰਮੇਦਾਰੀ ਕੰਵਲਜੀਤ ਖੰਨਾ ਨੇ ਨਿਭਾਈ।

ਸਮਾਗਮ ਦਾ ਆਰੰਭ ਸੁਖਪਾਲ ਵਲੋਂ ਪੰਜਾਬੀ ਰੂਪ ਵਿਚ ਲਿਖੇ ਯੂਜੀਨ ਪੋਤੀਏ ਦੇ ਕੌਮਾਂਤਰੀ ਗੀਤ ਦੇ ਗਾਇਨ ਨਾਲ ਹੋਇਆ। ਇਸ ਗੀਤ ਨੂੰ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਟੀਮ ਵਲੋਂ ਗਾਇਆ ਗਿਆ। ਸਮਾਗਮ ਵਿਚ ਹਿੱਸਾ ਲੈਣ ਵਾਲੀਆਂ ਟੀਮਾਂ ਵਿਚ ਪੰਜਾਬ ਨਾਟਕ ਕਲਾ ਕੇਂਦਰ (ਜਲੰਧਰ, ਬਾਬਾ ਬਕਾਲਾ, ਲੁਧਿਆਣਾ) ਦੀਆਂ ਗਾਇਕ ਟੀਮਾਂ, ਬਠਿੰਡਾ ਤੇ ਜਗਰਾਵਾਂ ਦੀਆਂ ਗਾਇਕ ਟੀਮਾਂ, ਦੁਆਬਾ ਕਲਾ ਮੰਚ ਆਦਿ ਦੇ ਨਾਮ ਵੀ ਵਰਣਨ ਯੋਗ ਹਨ। ਇਸ ਤੋਂ ਬਿਨਾਂ ਵੱਡੀ ਗਿਣਤੀ ਵਿਚ ਕਲਾਕਾਰਾਂ ਨੇ ਵਿਅਕਤੀਗਤ ਰੂਪ ਵਿਚ ਵੀ ਹਿੱਸਾ ਲਿਆ। ਸਮਾਗਮ ਵਿਚ ਹਾਜ਼ਰ ਸਾਹਿਤਕਾਰਾਂ/ਕਲਾਕਾਰਾਂ ਵਿਚ ਹੋਰਨਾਂ ਤੋਂ ਇਲਾਵਾ ਗੁਰਸ਼ਰਨ ਸਿੰਘ, ਸੰਤ ਰਾਮ ਉਦਾਸੀ, ਅਮੋਲਕ ਸਿੰਘ, ਗੁਰਬਖਸ਼ ਜੱਸ, ਪਾਸ਼, ਸੁਖਪਾਲ, ਲੋਕ ਨਾਥ, ਨਾਜਰ ਸਿੰਘ ਬੋਪਾਰਾਏ ਸੰਪਾਦਕ ਸੁਰਖ਼ ਰੇਖਾ, ਬਲਦੇਵ ਕਿਸ਼ੋਰ, ਪਰਮਜੀਤ ਦੇਹਲ, ਜ਼ੋਰਾ ਸਿੰਘ ਨਸਰਾਲੀ, ਅਮਰਜੀਤ ਮੱਲ੍ਹੀ, ਭੁਪਿੰਦਰ ਮਾਂਗਟ (ਸੰਪਾਦਕ ਪੰਜ ਦਰਿਆ), ਜੈਮਲ ਪੱਡਾ, ਹੁਸਨ ਲਾਲ, ਸੁਰਜੀਤ ਬਰਾੜ, ਹੰਸਾ ਸਿੰਘ, ਹਰਿੰਦਰ ਲੋਪੋ, ਮਹਿੰਦਰ ਜੋਸ਼, ਦੀਪ ਕਲੇਰ, ਕਮਲਜੀਤ ਖੰਨਾ, ਰਵਿੰਦਰ ਸਹਿਰਾਅ ਆਦਿ ਵੀ ਸ਼ਾਮਲ ਸਨ।

ਇਸ ਸਮਾਗਮ ਦੀ ਵਿਸ਼ੇਸ਼ ਗੱਲ ਇਹ ਸੀ ਕਿ ਇਸ ਵਿਚ ਗਾਏ ਜਾਣ ਵਾਲੇ ਗੀਤਾਂ ਵਿੱਚੋਂ ਕੁਝ ਚੋਣਵੇਂ ਗੀਤਾਂ ਦੀਆਂ ਕੈਸਟਾਂ ਤਿਆਰ ਕਰ ਕੇ ਲੋਕਾਂ ਵਿਚ ਲਿਜਾਈਆਂ ਜਾਣਗੀਆ। ਇਹ ਸਫਲ ਸਮਾਗਮ ਇਸ ਗੱਲ ਦਾ ਸੂਚਕ ਹੈ ਕਿ ਪੰਜਾਬ ਲੋਕ ਸੱਭਿਆਚਾਰਕ ਮੰਚ ਆਪਣੇ ਐਲਾਨਨਾਮੇ ਵਿਚ ਦਰਜ ਕਾਰਜਾਂ ਦੀ ਪੂਰਤੀ ਲਈ ਕਰਮਸ਼ੀਲ ਹੈ। ਸਮਾਗਮ ਵਿਚ ਅਲੱਗ ਅਲੱਗ ਟੀਮਾਂ ਨਾਲ ਸੰਬੰਧਤ ਲੋਕ-ਪੱਖੀ ਸਭਿਆਚਾਰਕ ਕਾਮਿਆਂ ਦੇ ਜੁੜ ਕੇ ਬੈਠਣੇ ਨਾਲ ਇਹ ਇਨਕਲਾਬੀ ਅਨੁਭਵ ਸਾਰੇ ਸਰੋਤਿਆਂ ਵਿਚ ਵਿਚਰ ਰਿਹਾ ਸੀ ਕਿ ਅਲੱਗ ਅਲੱਗ ਲੋਕ ਪੱਖੀ ਸਭਿਆਚਾਰਕ ਤਾਕਤਾਂ ਸੱਚਮੁੱਚ ਹੀ ਇਕ ਮੋਰਚੇ ਵਿਚ ਇਕੱਠੀਆਂ ਹੋ ਰਹੀਆਂ ਹਨ। ਕਿ ਜਿਹੜਾ ਸੁਪਨਾ 14 ਮਾਰਚ 1982 ਨੂੰ ਨਸਰਾਲੀ ਵਿਖੇ ਚਿਤਵਿਆ ਗਿਆ ਸੀ ਉਹ ਹਕੀਕਤ ਦਾ ਰੂਪ ਧਾਰ ਚੁੱਕਿਆ ਹੈ। ਇਸ ਤਰ੍ਹਾਂ ਪੰਜਾਬ ਲੋਕ ਸੱਭਿਆਚਾਰਕ ਮੰਚ ਹੋਂਦ ਵਿਚ ਆਉਣ ਤੋਂ ਬਾਅਦ ਬੜੀ ਸ਼ਾਨ ਨਾਲ ਆਪਣੀ ਮੰਜ਼ਲ ਵੱਲ ਚੱਲ ਪਿਆ ਹੈ।

9—8—82 ਵਲੋਂ :—ਸੁਖਪਾਲ ਸੂਬਾ ਜਥੇਬੰਦਕ ਸਕੱਤਰ ਪੰਜਾਬ ਲੋਕ ਸੱਭਿਆਰਕ ਮੰਚ

# ਐਕਸੀਡੈਂਟ ਜਾਂ ਕਤਲ.....???

## ਐਮ. ਸੀ. ਭਾਰਦਵਾਜ

13-8-82 ਦੀ ਇੰਡੀਅਨ ਐਕਸਪ੍ਰੈਸ ਦੇ ਸੰਪਾਦਕੀ ਮੁਤਾਬਕ : ਸਾਡੇ ਦੇਸ਼ ਵਿਚ ਹਰ ਸਾਲ 21000 ਤੋਂ ਵਧ ਮੌਤਾਂ ਸੜਕ-ਹਾਦੋਸਿਆਂ ਵਿਚ ਹੁੰਦੀਆਂ ਹਨ। ਇਸਤੋਂ ਤਿਗੁਣੇ-ਚੌਗੁਣੇ ਲੂਲੇ-ਲੰਗੜੇ ਵ੍ਖ ਹੋ ਜਾਂਦੇ ਹਨ !! ਜਦ ਦੁਨੀਆਂ ਭਰ ਵਿਚ 'ਗੱਡੀਆਂ' ਦੀ ਗਿਣਤੀ ਦਾ 1% ਐਕਸੀਡੈਂਟ ਹੁੰਦੇ ਹਨ, ਹਿੰਦੁਸਤਾਨ ਵਿਚ 6% ਐਕਸੀਡੈਂਟ ਹੋ ਰਹੇ ਹਨ। ਅੱਜ ਸਾਡੇ ਦੇਸ਼ ਵਿਚ ਤਕਰੀਬਨ 3 ਲੱਖ ਸੜਕ ਹਾਦਸੇ ਹਰ ਸਾਲ ਹੁੰਦੇ ਹਨ ! ਟਰੈਫਿਕ ਨਿਯਮਾਂ ਬਾਬਤ ਬਹੁਤ ਘਟ ਧਿਆਨ ਦਿਤਾ ਜਾ ਰਿਹਾ। ਟਰੈਫਿਕ ਵਿਭਾਗ ਵਿਚ ਪ੍ਰਚਲਤ ਕੁਰੱਪਸ਼ਨ ਤੋਂ ਵੀ ਕੋਈ ਭੁਲਿਆ ਹੋਇਆ ਨਹੀਂ।ਬੱਸਾਂ ਦੀ ਗਿਣਤੀ ਭਾਵੇਂ ਕੁਲ'ਗੱਡੀਆਂ'ਦੀ ਗਿਣਤੀ ਦਾ ਕੇਵਲ 1½ %ਹੀ ਬਣਦੀ ਹੈ ਮਗਰ ਤਮਾਮ ਸੜਕ ਹ ਦਸਿਆ ਵਿਚੋਂ ਇਕ ਤਿਹਾਈ ਹਾਦਸੇ ਵਿਚ ਬੱਸਾਂ ਹੀ ਸ਼ਾਮਲ ਹੁੰਦੀਆਂ ਹਨ।ਅਜ 35 ਸਾਲ ਬਾਦ,ਕੇਂਦਰੀ ਸਰਕਾਰ ਨੇ ਸੜਕ-ਹਾਦਸੇ ਵਿਚ ਮਰਨ ਵਾਲੇ ਨੂੰ 15 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਹੈ—ਖੈਰ ਫਿਲਹਾਲ ਅਸੀਂ ਇਸਨੂੰ ਇਕ ਚੰਗਾ ਕਦਮ ਕਹਾਂਗੇ ਪਰ ਡੈਮੋਕਰੈਟਿਕ ਦੇਸ਼ ਵਿਚ ਹਵਾਈ-ਜਹਾਜ਼ ਵਿੱਚ ਮਰਨ ਵਾਲੇ ਲਈ ਦੋ ਲੱਖ ਤੇ ਬੱਸ ਵਿਚ ਮਰਨ ਵਾਲੇ ਲਈ ਕੇਵਲ 15 ਹਜ਼ਾਰ ..ਐਨਾ ਫਰਕ ਕਿਉਂ...? ਵੈਸੇ ਅਜਿਹੀ ਸਹਾਇਤਾ ਵੀ ਕੀ ਸ਼ਹੀ ਹਲ ਹੈ ਜਾਂ ਨਹੀਂ, ਇਹ ਜਾਨਣ ਵਾਸਤੇ ਹੇਠਲਾ ਲੇਖ ਪੜ੍ਹੋ ! ਅਜ ਜਿਵੇਂ ਅਜਾਰੇਦਾਰੀ ਲੋਕਾਂ ਦਾ ਖੂਨ ਚੂਸੀ ਜਾ ਰਹੀ ਹੈ (ਪਰ ਪਤਾ ਨਹੀਂ ਲਗਣ ਦਿੰਦੀ), ਇਸੇ ਤਰ੍ਹਾਂ ਅਜ ਹਜ਼ਾਰਾਂ ਨਹੀਂ ਬਲਕੇ ਲੱਖਾਂ ਦੇਸ਼ ਵਾਸੀਆਂ ਦਾ ਸੜਕਾਂ ਉਪਰ ਦਿਨ ਦੀਵੀਂ ਕਤਲ ਹੋ ਰਿਹਾ ਹੈ ਜਿਸਨੂੰ ਮਾਹਿਜ਼ ਐਕਸੀਡੈਂਟ ਕਹਿ ਦੇਣਾ ਕਿਵੇਂ ਵੀ ਦਰੁਸਤ ਨਹੀਂ ਹੋਵੇਗਾ.. ? ਪ੍ਰੋਫੈਸਰ ਭਾਰਦਵਾਜ ਹੋਰਾਂ ਇਸ ਲੇਖ ਰਾਹੀਂ, ਅਸਲੀ ਕਾਤਲ (ਸਰਮਾਏਦਾਰੀ ਨਿਜ਼ਾਮ) ਨੂੰ ਪਿੰਨ-ਪੁਆਇੰਟ ਕਰਨ ਦੀ ਹੀ ਕੋਸ਼ਿਸ਼ ਕੀਤੀ ਹੈ ..

—ਸੰਪਾਦਕ

ਸ਼ਾਇਦ ਹੀ ਕੋਈ ਦਿਨ ਐਸਾ ਗੁਜ਼ਰਦਾ ਹੋਵੇ ਜਿਸ ਦਿਨ ਦੋ-ਚਾਰ ਛੋਟੇ-ਮੋਟੇ ਐਕਸੀਡੈਂਟ ਬਾਬਤ ਅਖ਼ਬਾਰ ਵਿਚ ਨਾ ਛਪਿਆ ਦਿਸੇ ! ਪਿਛਲੇ ਦੋ-ਤਿੰਨ ਸਾਲਾਂ ਵਿਚ ਤਾਂ ਬਿਨਾ-ਨਾਗਾ, ਹਰ ਮਹੀਨੇ, ਕਿਸੇ ਨਾ ਕਿਸੇ ਥਾਂ ਤੇ ਭਿਆਨਕ ਹਾਦਸਾ ਲਗਾਤਾਰ ਵਾਪਰਦਾ ਹੀ ਆ ਰਿਹਾ ਹੈ ...ਹਾਲੇ ਕੁਝ ਹੀ ਹਫਤੇ ਤਾਂ ਗੁਜ਼ਰੇ ਹਨ ਜਿਸ ਵਿਚ 'ਕਮਲ ਹਸਨ' (ਏਕ-ਦੂਜੇ ਕੇ ਲੀਏ) ਦਾ ਸਾਰੇ ਦਾ ਸਾਰਾ ਗਰੁੱਪ ਹੀ, ਬਿਲਾਸਪੁਰ ਦੇ ਨਜ਼ਦੀਕ ਬਿਨ ਆਈ ਮੌਤੇ ਮਾਰਿਆ ਗਿਆ ਸੀ..? ਵਿਚਾਰੇ ਮਦਰਾਸੀ ਕਲਾਕਾਰ ! ਜਦੋਂ ਦੋ ਹਜ਼ਾਰ ਮੀਲ ਤੋਂ ਫਿਲਮ ਦੀ ਸ਼ੂਟਿੰਗ ਵਾਸਤੇ ਕੁੱਲੂ-ਮਨਾਲੀ ਵਲ ਤੁਰੇ ਹੋਣਗੇ— ਕਿੰਨੇ ਚਾਓ-ਮਲ੍ਹਾਰ ਕੀਤੇ ਹੋਣਗੇ—ਉਨ੍ਹਾਂ ਦੇ ਰਿਸ਼ਤੇ-ਦਾਰਾਂ/ਦੋਸਤਾਂ-ਮਿੱਤਰਾਂ ਨੇ...ਪਰ ਕੌਣ ਜਾਣਦਾ ਸੀ ਕਿ ਵਿਚਾਰਿਆਂ ਨੂੰ ਦੋ ਗਜ਼ ਜ਼ਮੀਨ ਵੀ ਜੰਮਣ-ਭੌਂ ਦੇ ਨਜ਼ਦੀਕ ਨਹੀਂ ਸੀ ਨਸੀਬ..ਕਈਆਂ ਦੀਆਂ ਸ਼ਕਲਾਂ ਇਸ ਹਦ ਤੀਕ ਵਿਗੜ ਗਈਆਂ ਸਨ ਕਿ ਸਿਰਫ ਹੱਥ ਦੀ ਘੜੀ, ਛਾਪ ਜਾਂ ਪੇਟੀ ਤੋਂ ਹੀ ਪਛਾਣ ਕੀਤੀ ਜਾ ਸਕੀ ਕਿ ਉਹ ਲਾਸ਼ ਮਿਊਜ਼ਿਕ ਡਰੈਕਟਰ ਜੇ. ਸ੍ਰੀ ਨਿਵਾਸਨ ਦੀ ਨਹੀਂ ਸੀ ਸਗੋਂ ਕਿ ਫਾਈਟ ਮਾਸਟਰ ਕੇ. ਸੁਬਰਾਮਨੀਅਮ ਦੀ !! ਜੇ. ਸ੍ਰੀ ਨਿਵਾਸ਼ਨ ਵਿਚਾਰੇ ਦੀ ਲੋਥ ਤਾਂ ਅਜ ਤੀਕ ..

ਉਨ੍ਹਾਂ ਮਦਰਾਸੀ ਕਲਾਕਾਰਾਂ ਵਾਲੀ ਟਰੈਜਿਡੀ ਹਾਲੇ ਅੱਖਾਂ ਤੋਂ ਓਹਲੇ ਨਹੀਂ ਸੀ ਹੋਈ ਕਿ ਲੂਰੀ (ਕੁੱਲੂ) ਦੇ ਨਜ਼ਦੀਕ, ਸਾਲਮ ਦੀ ਸਾਲਮ ਬੱਸ ਦੇ ਸਤਲੁਜ ਵਿਚ ਡੁੱਬ ਜਾਣ ਬਾਬਤ ਪਤਾ ਲਗਾ...ਕਹਿੰਦੇ ਨੇ ਕਿ ਬੱਸ-ਡਰੈਵਰ ਜੈ ਸਿੰਘ ਨੇ ਬਥੇਰੇ ਵਾਸਤੇ ਪਾਏ ਕਿ ਬੱਸ ਖਰਾਬ ਹੈ—ਬੱਸ ਖਰਾਬ ਹੈ...ਮੈਂ ਰਿਸਕ ਨਹੀਂ ਹਾਂ ਲੈ ਸਕਦਾ ਪਰ ਪਬਲਿਕ ਦੇ ਤਾਨ੍ਹਿਆਂ-ਮੇਹਣਿਆਂ ਅਗੇ ਉਸਨੂੰ ਝੁਕਣਾ ਪਿਆ ਤੇ ਬੱਸ ਹਾਲੇ ਤੀਸਰਾ ਕਿਲੋਮੀਟਰ ਵੀ ਨਹੀਂ ਸੀ ਟੱਪੀ ਕਿ ਅਗਲੇ ਪਲ ਹੀ ਜੈ ਸਿੰਘ ਸਮੇਤ ਮੁਸਾਫਰਾਂ ਦੇ ਸਤਲੁਜ...ਕਹਿੰਦੇ ਹਨ ਸਤਵੇਂ ਦਿਨ ਇਕ ਟਾਇਰ ਤਰਦਾ ਵਿਖਾਈ ਦਿਤਾ ਸੀ...

...ਤੇ ਉਸ "ਨੈਣਾ-ਦੇਵੀ" ਬਾਬਤ ਕੌਣ ਭੁੱਲ ਜਾਵੇਗਾ ਜੋ ਆਏ ਸਾਲ, ਇਕ ਨਹੀਂ, ਦੋ ਨਹੀਂ... ਇਕੱਠੀਆਂ ਚਾਲੀ ਚਾਲੀ, ਪੰਜਾਹ ਪੰਜਾਹ ਬਲੀਆਂ ਡਕਾਰ ਜਾਂਦੀ ਹੈ। ਸਾਡੇ ਇਕ ਵਿਦਿਆਰਥੀ ਦੇ ਘਰਦੇ, ਚਾਰੇ ਦੇ ਚਾਰੇ ਜੀਅ ਪਿਛਲੇ ਸਾਲ ਨੈਣਾ-ਦੇਵੀ ਦੀ

ਭੇਟਾ ਚੜ੍ਹ ਗਏ ਸਨ ਅਤੇ ਇਸ ਵੇਰ੍ਹਾਂ, ਉਹ ਵਿਦਿਆਰਥੀ ਵੀ ਆਪਣੇ ਮਾਂ-ਬਾਪ ਕੋਲ ਜਾ ਪੁੱਜਾ ਕਾਲਜ ਦੇ ਨੋਟਿਸ ਬੋਰਡ ਤੇ ਛੁੱਟੀਆਂ ਵਿਚ ਲਗਾ ਨੋਟਿਸ ਹਾਲੇ ਵੀ ਉਡੀਕੀ ਜਾ ਰਿਹਾ ਹੈ ਕਿ ਕਦੋਂ ਮੁਹਿੰਦਰ ਸਿੰਘ ਆਫ ਬਰਡਜੀਅਰ ਮਕੈਨੀਕਲ ਫਰੈਮ ਮਾਨਸਾ" ਆ ਕੇ ਆਪਣਾ ਵਜ਼ੀਫਾ ਕਢਾਵੇ ਤੇ ਕਦੋਂ ਉਸ ਦੀ ਡਿਊਟੀ ਖਤਮ ਹੋਵੇ...ਹਾਈਵੇ ਵਿਭਾਗ ਦੇ ਮੁੱਖੀ 'ਪ੍ਰੋਫੈਸਰ ਬੁਢੀਜੀਵੇ' ਹੋਰਾਂ ਨੇ ਤਾਂ ਸ਼ਰਧਾਂਜਲੀ ਭੇਟਾ ਕਰਦੇ ਸਮੇਂ; ਦਿਨ-ਬ-ਦਿਨ ਵਧ ਰਹੇ ਐਕਸੀਡੈਂਟਾਂ ਦਾ ਮੁੱਖ ਕਾਰਨ ਵੀ, ਹਮੇਸ਼ਾਂ ਵਾਂਗੂ, "ਅਬਾਦੀ" ਦਸ ਕੇ ਹੀ ਫਾਰਮੈਲਿਟੀ ਪੂਰੀ ਕਰ ਲਈ ਸੀ ਪਰ ਮੁਹਿੰਦਰ ਸਿੰਘ ਦੀ ਆਤਮਾ ਅਜ ਵੀ ਚੀਕ ਚੀਕ ਕੇ ਕਹਿ ਰਹੀ ਹੈ— ਭਰਾਵੋ, ਮੈਂ ਮਰਿਆ ਨਹੀਂ ਹਾਂ । ਮੇਰੀ ਮੌਤ ਸੁਭਾਵਕ ਨਹੀਂ ਹੈ ਹੋਈ...ਮੈਨੂੰ ਬਕਾਇਦਾ ਕਤਲ ਕੀਤਾ ਗਿਆ ਹੈ—ਵਿਉਂਤਬਧ ਕਤਲ.. ਬਿਲਕੁਲ ਉਸੇ ਤਰ੍ਹਾਂ ਜਿਵੇਂ ਪਿਛਲੇ ਸਾਲ ਮੇਰੇ ਮਾਂ-ਬਾਪ ਤੇ ਦੋ ਛੋਟੀਆਂ ਭੈਣਾਂ ਦਾ ਕਤਲ ਕੀਤਾ ਗਿਆ ਸੀ—ਪਲੈਨਡ ਮਰਡਰਜ਼...ਹਾਂ, ਹਾਂ, ਪਲੈਨਡ ਮਰਡਰ ਹੀ ਮੇਰਾ ਕੀਤਾ ਗਿਆ ਹੈ— ਇਸਨੂੰ ਮਹਿਜ਼ ਕਹਿਕੇ ਹੀ, ਗਲੋਂ-ਗਲਾਵਾਂ ਨਾ ਲਾਹ ਛਡਣਾ ! ਮੇਰੇ ਕਾਤਲਾਂ ਨੂੰ ਕਦੇ ਮਾਫ ਨਾ ਕਰਨਾ... ਮੇਰੇ ਮਾਂ ਬਾਪ ਤੇ ਦੋ ਛੋਟੀਆ ਭੈਣਾਂ ਦੇ ਕਾਤਲਾਂ ਨੂੰ ਵੀ ਕਦੇ ਮਾਫ ਨਾ ਕਰਨਾ...ਅਤੇ ਅਗਰ ਤੁਸੀਂ ਕਾਤਲਾਂ ਨੂੰ ਲਭਣ ਦੀ ਕੋਸ਼ਿਸ਼ ਨਾ ਕੀਤੀ ਜਾਂ ਉਨ੍ਹਾਂ ਦੀ ਸੂਹ ਮਿਲ ਜਾਣ ਤੇ ਵੀ, ਹਉ-ਪਰੇ ਕਰ ਛਡਿਆ ਤਾਂ ਯਾਦ ਰਖਣਾ ਦੋਸਤੋ, ਮੇਰਾ ਤਾਂ ਕੁਝ ਵਿਗੜਨ ਜੋਗਾ ਬਾਕੀ ਬਚਿਆ ਨਹੀਂ ਪਰ ਮੇਰੇ ਵੀਰਨੋ ਰੱਬ ਨਾ ਕਰੇ...ਕਦੇ ਤੁਹਾਡੇ ਵਿਚੋਂ ਹੀ ਕਿਸੇ ਨੂੰ ਪਛਤਾਉਣਾ...

ਪ੍ਰੋਫੈਸਰ 'ਬੁਢੀਜੀਵੇ' ਠੀਕ ਕਹਿ ਰਹੇ ਸਨ ਜਾਂ ਕਿ ਮੁਹਿੰਦਰ ਦੀ ਆਤਮਾ ਸੱਚ ਕਹਿ ਰਹੀ ਸੀ—ਇਸ ਚੀਜ਼ ਦਾ ਫੈਸਲਾ ਕਰਨ ਲਈ, ਆਉ ਆਪਣੇ ਦੇਸ਼ ਦੇ ਟਰਾਂਸਪੋਰਟ ਸਿਸਟਮ ਬਾਬਤ ਵਿਸਥਾਰ ਸਹਿਤ ਜਾਣੀਏ...

## ਸਭ ਤੋਂ ਵੱਡੀ ਸੜਕ :—

ਦੁਨੀਆਂ ਭਰ ਵਿਚ ਸਭ ਤੋਂ ਮਹੱਤਵਪੂਰਨ ਅਤੇ ਲੰਬੀ ਸੜਕ ਹੈ—ਜੀ. ਟੀ. ਰੋਡ !! ਅਜ ਕਲ ਇਸਨੂੰ, "ਨੈਸ਼ਨਲ ਹਾਈਵੇ ਨੰਬਰ ਇੱਕ", ਵੀ ਕਿਹਾ ਜਾਂਦਾ ਹੈ ! ਅਜ ਤੋਂ ਲਗਪਗ ਸਾਢੇ ਚਾਰ ਸੌ ਸਾਲ ਪਹਿਲਾਂ, ਸ਼ੇਰ ਸ਼ਾਹ ਸੂਰੀ ਨੇ ਇਸ ਸੜਕ ਨੂੰ ਬਣਵਾਇਆ ਸੀ। ਕਲਕੱਤੇ ਤੋਂ ਲੈ ਕੇ ਪਿਸ਼ਾਵਰ ਤੀਕ ਲੰਬੀ ਇਸ ਸੜਕ ਨੇ, ਹਿੰਦੁਸਤਾਨ ਦੇ ਅਰਥਚਾਰੇ ਵਿਚ ਬੜਾ ਮਹੱਤਵ ਪੂਰਵਕ ਰੋਲ ਅਦਾ ਕੀਤਾ ਹੈ ਅਤੇ ਅਜ ਵੀ ਕਰ ਰਹੀ ਹੈ...? ਧੰਨ ਸੀ ਉਹ ਮਹਾਨ ਜਰਨੈਲ, ਉੱਚ-ਕੋਟੀ ਦਾ ਯੋਜਨਾਕਾਰ, ਸ਼ੇਰ ਸ਼ਾਹ ਸੂਰੀ; ਜਿਸ ਬਗੈਰ ਟੈਕਨੀਕਲ ਸਹੂਲਤਾਂ ਦੇ, ਸੀਮਤ ਜਿਹੇ ਸਾਧਣਾ ਰਾਹੀਂ ਹੀ ਐਡੇ ਵਡੇ ਮਾਰਗ ਨੂੰ ਬਣਵਾਇਆ ਸੀ ਅਤੇ ਧੰਨ ਧੰਨ ਇਹ ਅੰਡਰ ਮੈਟ੍ਰਿਕ ਇੰਦਰਾ ਮਾਈ ਚੇਅਰਮੈਨ ਪਲੈਨਿੰਗ ਕਮਿਸ਼ਨ ਆਫ ਇੰਡੀਆ—ਜਿਸ ਕੋਲੋਂ ਸੈਂਕੜੇ ਸਹੂਲਤਾਂ, ਹਜ਼ਾਰਾਂ ਮਸ਼ੀਨਾਂ ਅਤੇ ਲੱਖਾਂ ਐਨਜੀਨੀਅਰਾਂ ਦੇ ਬਾਵਜੂਦ, ਇਸ ਸੜਕ ਦੀ ਸੰਭਾਲ ਤੀਕ ਨਹੀਂ ਹੈ ਹੋ ਰਹੀ ਤੇ ਨਤੀਜੇ ਵਜੋਂ ਅੱਜ ਡੇਢ ਲੱਖ ਤੋਂ ਵਧ ਐਕਸੀਡੈਂਟ ਹਰ ਸਾਲ, ਸਾਡੀਆਂ ਸੜਕਾਂ ਉਪਰ ਹੋ ਰਹੇ ਹਨ—ਜਿਨ੍ਹਾਂ ਵਿਚ 20,000 ਤੋਂ ਵਧ ਲੋਕਾਂ ਨੂੰ ਬਿਨ ਆਈ ਮੌਤੇਂ ਮਰਨਾ ਪੈ ਰਿਹਾ ਹੈ...

ਮੇਰੀ ਸੂਝ ਮੁਤਾਬਕ ਐਕਸੀਡੈਂਟਾਂ ਦੇ ਸੱਤ ਮੁਖ ਕਾਰਨ ਇਹ ਹਨ :—

(ੳ) ਭੈੜੀਆਂ ਸੜਕਾਂ
(ਅ) ਭੈੜੀ ਟਰੈਫਿਕ
(ੲ) ਭੈੜੀਆਂ-ਬੱਸਾਂ
(ਸ) ਭੀੜ-ਭੜੱਕਾ
(ਹ) ਭੈੜੇ ਪ੍ਰਬੰਧਕ
(ਕ) ਭੈੜੇ-ਡਰੈਵਰ
(ਖ) ਭੈੜਾ ਮੌਸਮ

ਵੈਸੇ ਉਪਰਲੀਆਂ ਸੱਤਾਂ ਵਿਚੋਂ ਛੇ ਕਾਰਨ, ਭੈੜੀ ਸਰਕਾਰ ਦੀਆ ਭੈੜੀਆਂ ਨੀਤੀਆਂ ਵਿਚੋਂ ਹੀ ਜਨਮ ਲੈਂਦੇ ਹਨ ਅਤੇ ਅਗਰ ਪਲੈਨਿੰਗ ਸਹੀ ਹੋਵੇ ਤਾਂ ਸਤਵੇਂ ਕਾਰਨ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ...? ਅਜ ਸਾਡੇ ਦੇਸ਼ ਵਿਚ, ਇਕ ਲੱਖ ਅਬਾਦੀ ਮਗਰ 7500 ਆਦਮੀ ਗੱਡੀਆਂ ਅਤੇ ਬੱਸਾਂ ਵਿਚ, 100 ਭਾਰਤੀ ਕਾਰਾਂ ਵਿਚ ਅਤੇ '2' ਹਿੰਦੁਸਤਾਨੀ ਹਵਾਈ ਜਹਾਜ਼ਾਂ ਵਿਚ ਸਫਰ ਕਰਦੇ ਹਨ ਸੋ ਸਾਡੇ ਦੇਸ਼ ਵਿਚ ਵਿਚਲੀ ਪਲੈਨਿੰਗ ਵੀ ਕੁਝ ਇਸੇ ਅਨੁਪਾਤ ਨਾਲ ਹੋਣੀ ਚਾਹੀਦੀ ਹੈ। ਪਰ ਹੋ ਉਲਟ ਹੀ ਰਿਹਾ ਜੋ ਹੇਠਲਿਆਂ ਪਹਿਰਿਆਂ ਤੋਂ ਸਪੱਸ਼ਟ ਹੋ ਜਾਏਗਾ । ਹੇਠਲਿਆਂ ਅੰਕੜਿਆਂ ਦੀ ਸਹਾਇਤਾ ਨਾਲ ਮੈਂ ਉਪਰੋਕਤ ਸਟੇਟਮੈਂਟ ਦੀ ਪੁਸ਼ਟੀ ਕਰਨ ਦੀ ਇਜਾਜ਼ਤ ਚਾਹਾਂਗਾ। ਕ੍ਰਿਪਾ ਜ਼ਰਾ ਆਹਿਸਤੇ ਆਹਿਸਤੇ ਆਰਟੀਕਲ ਪੜ੍ਹਨਾ—ਮਾਮਲਾ ਅੰਕੜਿਆਂ ਦਾ ਹੈ...

## ਸਾਡੀਆਂ ਸੜਕਾਂ ਉਰਫ ਮੌਤ ਦੇ ਖੂਹ :

ਅੱਜ ਦੇ ਸਪੀਡ ਦੇ ਜ਼ਮਾਨੇ ਵਿਚ, ਸਾਡੀਆਂ ਸੜਕਾਂ ਕਿੰਨੀਆਂ ਕੁ ਸੁਰਖਿਅਕ ਹਨ, ਪਹਿਲਾਂ ਜ਼ਰਾ ਉਸਦਾ ਅੰਦਾਜ਼ਾ ਲਾ ਲਉ :—

| ਦੇਸ਼ | ਦਸ ਹਜ਼ਾਰ "ਗੱਡੀਆਂ" ਮਗਰ ਜਿੰਨੇ ਆਦਮੀ ਹਰ ਸਾਲ ਮਰਦੇ |
|---|---|
| ਅਮਰੀਕਾ | 5 |
| ਸਵੀਡਨ | 5 |
| ਪਛਮੀ ਜਰਮਨੀ | 13 |
| ਫਰਾਂਸ | 14 |
| ਸਪੇਨ | 21 |
| ਪੁਰਤਨਗਾਲ | 32 |
| ਭਾਰਤ | 60 |

ਨੋਟ:— ਉਪਰੋਕਤ ਅੰਕੜੇ 1971 ਤੀਕ ਦੇ ਹਨ ! 'ਗਡੀਆਂ' ਤੋਂ ਭਾਵ, ਸਕੂਟਰ-ਮੋਟਰ ਸਾਈਕਲ ਕਾਰਾਂ-ਮੋਟਰਾਂ ਆਦਿ (Mixed Traffic) ਹੈ।

## ਪਰ ਅਜਿਹਾ ਕਿਉਂ.. ?

ਕਾਰਣ ਤਾਂ ਇਕੋ ਹੀ ਹੈ—ਅਯੋਜਨਾ ਬੰਦੀ (illplanning) ਜੋ ਸਰਮਾਏਦਾਰੀ ਨਿਜ਼ਾਮ ਦਾ ਅਨਿਖੜਵਾਂ ਅੰਗ ਹੀ ਹੁੰਦੀ ਹੈ। ਸਹੀ ਸ਼ਬਦਾਂ ਵਿਚ ਇਸਨੂੰ Anti-people-planning ਵੀ ਕਿਹਾ ਜਾਣਾ ਚਾਹੀਦਾ ਹੈ।

ਅਜ਼ਾਦੀ ਤੋਂ ਮਗਰੋਂ ਗੱਡੀਆਂ ਆਦਿ ਦੀ ਗਿਣਤੀ ਵਿਚ ਭਾਵੇਂ ਵੀਹ ਗੁਣਾਂ ਵਾਧਾ ਹੋਇਆ ਮਗਰ ਸੜਕਾਂ ਦੀ ਲੰਬਾਈ, ਮੋਟਾਈ (Thickness) ਅਤੇ ਚੌੜਾਈ ਵਿਚ, ਉਸੇ ਹਿਸਾਬ ਦਾ ਵਾਧਾ ਤਾਂ ਕੀ, ਉਸਦਾ ਚੌਥਾ ਹਿੱਸਾ ਵੀ ਨਹੀਂ ਹੈ ਹੋਇਆ—ਨਤੀਜੇ ਵਜੋਂ ਅਜ ਐਕਸੀਡੈਂਟਾਂ ਤੇ ਐਕਸੀਡੈਂਟਹੀ ਹੋਈ ਤੁਰੇ ਜਾ ਰਹੇ ਹਨ। ਸੰਨ 1947 ਵਿਚ ਕੁਲ ਦ ਈ ਲੱਖ ਗੱਡੀਆਂ ਸਨ ਪਰ ਅੱਜ ਚਾਲ੍ਹੀ ਲਖ ਤੋਂ ਵਧ ਹਨ :

| | |
|---|---|
| ਸਕੂਟਰ-ਮੋਟਰ ਸਾਈਕਲ ਆਦਿ | 18 ਲੱਖ |
| ਟੈਕਸੀਆਂ-ਕਾਰਾਂ-ਜੀਪਾਂ | 10 ਲੱਖ |
| ਟਰੱਕ | 6 ਲੱਖ |
| ਟਰੈਕਟਰ ਆਦਿ | 3 ਲੱਖ |
| ਟੈਂਪੂ-ਆਟੋ ਰਿਕਸ਼ਾ | $1\frac{1}{2}$ ਲੱਖ |
| ਬੱਸਾਂ | $1\frac{1}{4}$ ਲੱਖ |
| ਫੁਟਕਲ | $\frac{1}{4}$ ਲੱਖ |
| ਜੋੜ | 40 ਲੱਖ |

ਨੋਟ : ਇਹ ਅੰਕੜੇ 1978 ਤੀਕ ਦੇ ਹਨ। ਮਿਲਟਰੀ ਗੱਡੀਆਂ ਦੀ ਗਿਣਤੀ ਇਸ ਵਿਚ ਸ਼ਾਮਲ ਨਹੀਂ। 1982 ਦੇ ਅਖੀਰ ਤੀਕ 50 ਲੱਖ ਦੇ ਕਰੀਬ ਤਾਂ ਸਿਵਲੀਅਨ ਗੱਡੀਆਂ ਹੀ ਹੋ ਜਾਣਗੀਆਂ !! ਪਰ ਕੀ ਸੜਕਾਂ ਦੇ ਵਿਕਾਸ ਵਿਚ ਉਸੇ ਅਨੁਪਾਤ ਨਾਲ ਵਾਧਾ ਹੋ ਰਿਹਾ ਹੈ...?

## ਪਬਲਿਕ ਅਕਾਊਂਟਸ ਕਮੇਟੀ ਦੀ ਰਿਪੋਟ :

"ਵੱਡੀਆਂ ਮੇਨ ਸੜਕਾਂ (National Highways) ਨੂੰ ਕੇਂਦਰੀ ਸਰਕਾਰ ਨੇ ਸੀਲ ਵਲੈਤਨ ਗਊ ਹੀ ਸਮਝ ਰਖਿਆ ਹੈ—ਜਦੋਂ ਮੁਰਜ਼ੀ ਚੋ ਲਉ, ਜਿੰਨਾ ਮਰਜ਼ੀ ਚੋ ਲਉ ਤੇ ਮੁੜ ਪਿੱਠ ਤੇ ਲੱਤ ਮਾਰ ਕੇ ਦਰਵਾਜ਼ਿਉਂ ਬਾਹਰ ਕਰ ਦਿਓ—ਆਪੇ ਘਾਹ ਆਦਿ ਚਰ ਚੁਰ ਆਏਗੀ... ...ਵਧੇਰੇ ਤੋਂ ਵਧੇਰੇ ਟੈਕਸ, ਬੇਸ਼ਕ ਉਗਰਾਹਿਆ ਗਿਆ ਹੈ ਮਗਰ ਸੜਕਾਂ ਦੀ ਵਾਤ ਤੀਕ ਨਹੀਂ ਪੁੱਛੀ ਗਈ"—ਇਹ ਸ਼ਬਦ ਸਰਵ ਉਚਤਮ ਕਮੇਟੀ—ਪਬਲਿਕ-ਅਕਾਊਂਟਸ ਕਮੇਟੀ—ਕੇਂਦਰੀ ਸਰਕਾਰ ਨੇ, ਸੜਕਾਂ ਬਾਬਤ ਕਹੇ ਹਨ !!!

| ਸਾਲ | ਸੜਕਾਂ ਤੋਂ ਆਮਦਨ |
|---|---|
| 1951 | 60 ਕਰੋੜ |
| 1961 | 170 ਕਰੋੜ |
| 1971 | 600 ਕਰੋੜ |

| ਸੜਕਾਂ ਉੱਪਰ ਖਰਚਾ | ਖਰਚਾ ਪ੍ਰਤੀਸ਼ਤ |
|---|---|
| 40 ਕਰੋੜ | 66% |
| 110 ਕਰੋੜ | 66% |
| 200 ਕਰੋੜ | 38% |

ਨੋਟ :—ਪ੍ਰਧਾਨ ਮੰਤਰੀ ਹੋਰਾਂ ਸੰਨ 1971 ਵਿਚ ਹੀ ਕਿਹਾ ਸੀ, "ਗਰੀਬੀ...ਹਟਾਓ" ਤੇ ਨਾਲ ਹੀ ਸੜਕਾਂ ਤੇ ਹੋਣ ਵਾਲੇ ਖਰਚੇ ਵਿਚ 50 ਪ੍ਰਤੀਸ਼ਤ ਦਾ ਕੱਟ ਲਾ ਦਿਤਾ ਤਾਂ ਜੁ 'ਗਰੀਬ' ਭੀੜੀਆਂ ਅਤੇ ਭੈੜੀਆਂ ਸੜਕਾਂ ਉਤੇ ਐਕਸੀਡੈਂਟਾਂ ਵਿਚ ਮਰ ਮਰ ਕੇ "ਹਟਦੇ ਜਾਣ"...?? ਪਬਲਿਕ ਅਕਾਉਂਟਸ ਕਮੇਟੀ ਨੇ ਆਪਣੀ ਸਲਾਨਾ ਰਿਪੋਟ ਵਿਚ ਲਿਖਿਆ ਹੈ," 1974-79 ਦੇ ਪੰਜਾਂ ਸਾਲਾਂ ਦੌਰਾਨ, ਰੋਡ ਟੈਕਸ, ਲਾਈਸੈਂਸ ਟੈਕਸ, ਪੈਟਰੋਲ ਟੈਕਸ, ਸੇਲ ਟੈਕਸ, ਪੈਸਿੰਜਰ ਟੈਕਸ, ਕੇਂਦਰੀ ਸੇਲ ਟੈਕਸ, ਗੱਡੀ ਵੇਚ-ਖਰੀਦ ਟੈਕਸ, ਸੀਟ-ਟੈਕਸ, ਪਰਮਿਟ ਫੀਸ ਆਦਿ ਆਦਿ ਅਨੇਕਾਂ ਟੈਕਸਾਂ ਰਾਹੀਂ 7700 ਕਰੋੜ ਤੋਂ ਵਧ ਰੁਪਏ ਵਸੂਲ ਕੀਤੇ ਹਨ ਪਰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਸੜਕਾਂ ਦੀ ਸਾਂਭ ਸੰਭਾਲ ਮੁਰੰਮਤ ਉਪਰ 40% ਵੀ ਖਰਚ ਨਹੀਂ ਹਨ ਕੀਤੇ ਗਏ।

ਕਮੇਟੀ ਨੇ ਅਗੇ ਜਾ ਕੇ ਇਹ ਵੀ ਲਿਖਿਆ ਹੈ, "ਸਾਨੂੰ ਟਰਾਂਸਪੋਰਟ ਅਤੇ ਜਹਾਜ਼ਰਾਨੀ ਮਹਿਕਮੇ ਦੀ ਰਿਪੋਟ ਤੋਂ ਇਹ ਜਾਣਕੇ ਬਹੁਤ ਹੀ ਦੁੱਖ ਹੋਇਆ ਹੈ ਕਿ ਦੇਸ਼ ਭਰ ਦੀਆਂ 20 ਹਜ਼ਾਰ ਮੀਲ ਲੰਮੀਆਂ ਵੱਡੀਆਂ ਸੜਕਾਂ ਵਿਚੋਂ, ਇਕ ਮੀਲ ਦਾ ਟੁਕੜਾ ਵੀ ਅਜਿਹਾ ਨਹੀਂ ਜਿਥੇ ਲੁੜੀਂਦੀ ਮੁਟਾਈ (Required thickness) ਵਿਚ ਸੜਕ ਕਾਇਮ ਹੋਵੇ !!

(ਵੇਖੋ 21 ਅਪ੍ਰੈਲ, 1982 ਦੀ ਅੰਗਰੇਜ਼ੀ ਟਰਬਿਊਨ ਦਾ ਸੰਪਾਦਕੀ ਲੇਖ)

ਇਥੇ ਇਹ ਵੀ ਯਾਦ ਕਰਵਾ ਦਿਤਾ ਜਾਏ ਕਿ ਜਦੋਂ ਦੇ ਸ੍ਰੀਮਤੀ ਇੰਦਰਾ ਗਾਂਧੀ ਜੀ ਦਿੱਲੀ ਦੀ ਗੱਦੀ ਤੇ ਕਾਬਜ਼ ਹੋਏ ਹਨ, ਉਦੋਂ ਤੋਂ ਹੀ ਵਿੱਦਿਆ, ਸਿਹਤ, ਵਰਗਿਆਂ ਜੰਤਕ-ਭਲਾਈ ਵਿਭਾਗਾਂ ਵਾਂਗੂੰ, ਟਰਾਂਸਪੋਰਟ ਦੇ ਬੱਜਟ ਉਪਰ ਵੀ ਕੱਟ ਤੇ ਕੱਟ...ਕੱਟ ਤੇ ਕੱਟ... ਕੱਟ ਤੇ ਕੱਟ ਲਗਦਾ ਤੁਰਿਆ ਆ ਰਿਹਾ ਹੈ—ਜਿਵੇਂ ਕਿ ਇੰਡੀਅਨ ਰੋਡ ਕਾਂਗਰਸ ਦੇ ਪ੍ਰੈਜ਼ੀਡੈਂਟ ਹੋਰ ਪਿਛਲੇ ਦਿਸੰਬਰ ਖੁਦ ਮੰਨਿਆ ਸੀ :—

| | | |
|---|---|---|
| ਪਹਿਲੀ ਪੰਜ ਸਾਲਾ ਯੋਜਨਾ | $8\frac{1}{2}\%$ | |
| ਦੂਜੀ ਯੋਜਨਾ | $6\frac{3}{4}\%$ | |
| ਤੀਜੀ ਯੋਜਨਾ | $6\frac{1}{2}\%$ | |
| ਚੌਥੀ ਯੋਜਨਾ | $5\frac{1}{2}\%$ | ਗਰੀਬੀ ਹਟਾਓ |
| ਪੰਜਵੀਂ ਯੋਜਨਾ | $4\frac{1}{2}\%$ | ਵੀਹ ਨੁਕਾਤੀ ਪ੍ਰੋਗਰਾਮ |
| ਛੇਵੀਂ ਯੋਜਨਾ | $3\frac{1}{2}\%$ | |

ਪਾਏਦਾਰ ਸਰਕਾਰ ਤੇ ਲੋਕ ਹਿਤੈਸ਼ੀ ਵੀ...?

## ਛੇਵੀਂ ਯੋਜਨਾ ਵਿਚੋਂ ਖਰਚਾ :

ਸ਼ਾਹ ਮਾਰਗਾਂ (National Highways) ਉਪਰ, ਛੇਵੀਂ ਪੰਜ ਸਾਲਾ ਦੁਰਾਨ 50 ਕਰੋੜ ਰੁਪਏ ਖਰਚ ਕਰਨ ਦੀ ਗੁੰਜਾਇਸ਼ ਰਖੀ ਗਈ ਸੀ—ਪਰ ਉਪਰੋਕਤ ਕਮੇਟੀ ਨੇ ਦੁਖੀ ਹਿਰਦੇ ਨਾਲ ਇਹ ਗਲ ਦਸੀ ਕਿ ਉਪਰੋਕਤ 50 ਕਰੋੜ ਵਿਚੋਂ 1980-81 ਦੁਰਾਨ ਇਕ ਪੈਸਾ ਵੀ ਨਹੀਂ ਸੀ ਖਰਚ ਕੀਤਾ ਗਿਆ। ਦੂਜੇ ਸਾਲ, 1981-82 ਅੰਦਰ ਵੀ ਕੁਲ $3\frac{1}{2}$ ਕਰੋੜ ਖਰਚੇ ਗਏ ਹਨ !! ਇਥੇ ਇਹ ਮੁੜ ਯਾਦ ਕਰਵਾਂ ਦਿਤਾ ਜਾਏ ਕਿ ਕੇਂਦਰੀ ਅਤੇ ਸੂਬਾ ਸਰਕਾਰਾਂ ਨੂੰ ਅਜਕਲ 2000 ਕਰੋੜ ਤੋਂ ਵਧ, ਹਰ ਸਾਲ, ਸੜਕ-ਗੱਡੀਆਂ ਤੋਂ ਮਾਲੀਆ ਪ੍ਰਾਪਤ ਹੋ ਰਿਹਾ ਹੈ :—

## ਕੇਂਦਰ ਸਰਕਾਰ ਦੀ ਆਮਦਨ 1977-78

| | |
|---|---|
| ਇਮਪੋਰਟ ਟੈਕਸ ਮੋਟਰਾਂ ਅਤੇ ਮੋਟਰ-ਪੁਰਜ਼ਿਆਂ ਉਪਰ | 40 ਕਰੋੜ |
| ਐਕਸਾਈਜ਼ ਡਿਊਟੀ ਮੋਟਰਾਂ ਅਤੇ ਮੋਟਰ-ਪੁਰਜ਼ਿਆਂ ਉਪਰ | 95 ਕਰੋੜ |
| ਟਾਇਰ ਅਤੇ ਟਿਊਬਾਂ ਉਪਰ ਐਕਸਾਈਜ਼ ਡਿਊਟੀ | 125 ਕਰੋੜ |
| ਮੋਟਰ-ਪੈਟਰੋਲ/ਡੀਜ਼ਲ ਟੈਕਸ | 30 ਕਰੋੜ |
| ਮੋਟਰ-ਫਿਊਲ (ਪੈਟਰੋਲ/ਡੀਜ਼ਲ/ਗਰੀਸ ਆਦਿ) ਉਪਰ ਇਮਪੋਰਟ-ਟੈਕਸ | 710 ਕਰੋੜ |
| | ਜੋੜ 1000 ਕਰੋੜ |

## ਸੂਬਾ ਸਰਕਾਰਾਂ ਦੀ ਆਮਦਨੀ

| | |
|---|---|
| ਮੋਟਰ ਫੀਸ ਅਤੇ ਟੈਕਸ | 264 ਕਰੋੜ |
| ਪੈਟਰੋਲ ਉਪਰ ਸਟੇਟ ਸੇਲ-ਟੈਕਸ. | 114 ਕਰੋੜ |
| ਪਸਿੰਜਰ ਅਤੇ ਗੁਡਜ਼ ਟੈਕਸ (ਮੁਸਾਫਰੀ ਅਤੇ ਅਸਬਾਬ ਟੈਕਸ) | 202 ਕਰੋੜ |
| | ਜੋੜ 580 ਕਰੋੜ |

## ਪਰ ਇਹ ਸਾਰਾ ਟੈਕਸ ਜਾਂਦਾ ਕਿਥੇ ਹੈ...?

(ੳ) ਹਵਾਬਾਜ਼ੀ ਉਪਰ ਖਰਚਾ :—

| | |
|---|---|
| ਪਹਿਲੀ ਯੋਜਨਾ | 7 ਕਰੋੜ |
| ਦੂਜੀ ਯੋਜਨਾ | 16 ਕਰੋੜ |
| ਤੀਜੀ ਯੋਜਨਾ | 26 ਕਰੋੜ |
| ਚੌਥੀ ਯੋਜਨਾ | 186 ਕਰੋੜ |
| ਪੰਜਵੀਂ ਯੋਜਨਾ | 400 ਕਰੋੜ |
| ਛੇਵੀ ਯੋਜਨਾ | 500 ਕਰੋੜ |

(ਅ) ਜਿਸ ਸਰਕਾਰ ਨੇ ਮੁੱਖ ਸੜਕਾਂ ਖਾਤਰ, 50 ਕਰੋੜ ਦੀ ਗੁੰਜਾਇਸ਼ ਰਖੀ ਹੈ (ਖਰਚਿਆ ਹਾਲੇ 5 ਕਰੋੜ ਵੀ ਨਹੀਂ) ਉਹੋ ਸਰਕਾਰ ਮਾਰੋਤੀ ਕਾਰਖਾਨੇ ਖਾਤਰ 500 ਕਰੋੜ ਛੇਵੀਂ ਯੋਜਨਾ ਦੁਰਾਨ ਖਰਚ ਕਰਨ ਜਾ ਰਹੀ ਹੈ—ਜਿਥੇ 1985 ਤੀਕ 1 ਲੱਖ ਕਾਰਾਂ ਹਰ ਸਾਲ ਬਣਿਆਂ ਕਰਨਗੀਆਂ—ਤੁਹਾਡੇ ਚੜ੍ਹਨ ਖਾਤਰ...???

## ਨਤੀਜਾ :

ਨਤੀਜੇ ਵਲੋਂ ਸਾਡੀਆਂ ਸੜਕਾਂ ਦੁਨੀਆਂ ਭਰ ਵਿਚੋਂ ਸਭ ਤੋਂ ਨਿਕੰਮੀਆਂ ਹਨ—ਬਾਵਜੂਦ ਇਸ ਦੇ ਕਿ ਦੁਨੀਆਂ ਭਰ ਵਿਚੋਂ, ਗੱਡੀਆਂ ਉਪਰ, ਸਭ ਤੋਂ ਵਧੇਰੇ ਟੈਕਸ, ਭਾਰਤ ਵਿਚ ਹੀ ਲਗੇ ਹੋਏ ਹਨ ਜਿਵੇਂ ਇਕਨੌਮਿਕ ਟਾਈਮਜ਼ ਦੇ ਐਡੀਟਰ, ਇਕਨੌਮਿਕਸ ਦੇ ਪ੍ਰੋਫੈਸਰ ਅਤੇ ਪਬਲਿਕ ਟਰਾਂਸਪੋਰਟ ਦੀ ਕੇਂਦਰੀ ਕਮੇਟੀ ਨੇ ਵੀ ਮੰਨਿਆ ਹੈ !!

| ਦੇਸ਼ | ਸੌ ਵਰਗ ਕਿਲੋਮੀਟਰ ਰਕਬੇ ਅੰਦਰ ਸੜਕਾਂ ਦੀ ਲੰਬਾਈ |
|---|---|
| ਜਪਾਨ | 272 ਕਿਲੋਮੀਟਰ |
| ਇੰਗਲੈਂਡ | 146 ਕਿਲੋਮੀਟਰ |
| ਅਮਰੀਕਾ | 64 ਕਿਲੋਮੀਟਰ |
| ਭਾਰਤ | 36 ਕਿਲੋਮੀਟਰ |

ਇਸ ਸਾਰਨੀ ਤੋਂ ਪਤਾ ਲਗਦਾ ਹੈ ਕਿ ਸਾਡੇ ਬਹੁਤ ਥੋੜੀਆਂ ਸੜਕਾਂ ਹਨ—ਨਤੀਜੇ ਵਜੋਂ ਸਾਡੀਆਂ ਸੜਕਾਂ ਤੇ ਭੀੜ-ਭੜੱਕਾ ਹੋ ਜਾਣਾ ਕੁਦਰਤੀ ਹੈ ...?

| ਦੇਸ਼ | ਸੜਕਾਂ ਪ੍ਰਤੀ ਲੱਖ ਅਬਾਦੀ ਪਿਛੇ |
|---|---|
| ਅਮਰੀਕਾ | 3000 ਕਿਲੋਮੀਟਰ |
| ਫਰਾਂਸ | 1500 ਕਿਲੋਮੀਟਰ। |

| | |
|---|---|
| ਜਪਾਨ | 1000 ਕਿਲੋਮੀਟਰ |
| ਭਾਰਤ | 275 ਕਿਲੋਮੀਟਰ |

ਇਸ ਟੇਬਲ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਅਮਰੀਕਣਾਂ ਦੇ ਮੁਕਾਬਲੇ, ਸਾਡੀਆਂ ਸੜਕਾਂ ਦੀ ਲੰਬਾਈ ਦਸਵਾਂ ਹਿੱਸਾ ਵੀ ਨਹੀਂ !!

## ਭੀੜ ਭੜੱਕਾ (OVERLOADING)

ਪਿਛਲੇ ਸਮੇਂ ਅੰਦਰ ਵੇਖਣ ਵਿਚ ਆਇਆ ਹੈ ਕਿ ਕਾਫੀ ਐਕਸੀਡੈਂਟ, ਓਵਰਲੋਡਿੰਗ ਕਾਰਨ ਹੋਏ ਹਨ.. ? ਜ਼ਰਾ ਅੰਦਾਜ਼ਾ ਲਗਾਓ, ਜਦੋਂ ਇਕ ਬਸ ਦੇ ਅੰਦਰ ਸੀਟਾਂ ਉਪਰ 50 ਦੀ ਜਗ੍ਹਾ 75 ਸਵਾਰੀਆਂ ਕੱੜੀਆਂ ਹੋਣ, ਪੰਜੀ ਸਵਾਰੀਆਂ ਖੜੀਆ ਹੋਣ, ਪੰਜ ਅਗਲੀ ਬਾਰੀ ਵਿਚ ਅੜੀਆਂ ਹੋਣ, ਸੱਤ ਪਿਛਲੀ ਬਾਰੀ ਵਿਚ ਵੜੀਆਂ ਹੋਣ, ਦੱਸ ਡਰੈਵਰ ਦੇ ਸਿਰ ਤੇ ਖੜੀਆਂ ਹੋਣ, ਪੰਦਰਾਂ ਨੇ ਸੀਖਾਂ ਫੜੀਆਂ ਹੋਣ, ਰਹਿੰਦੀਆਂ ਖੂੰਦੀਆਂ ਛੱਤ ਤੇ ਚੜ੍ਹੀਆਂ ਹੋਣ ..ਰਸਤਾ ਪਹਾੜੀ ਹੋਵੇ, ਕਣੀਆਂ ਪੈ ਕੇ ਹਟੀਆਂ ਹੋਣ...ਤੇ ਫਿਰ ਉਸ ਵਕਤ... ਹਾਂ, ਫਿਰ ਉਸ ਵਕਤ "ਰਾਧਾ ਸਵਾਮੀ ਡਰੈਵਰ ਦੀ ਹੁਸ਼ਿਆਰੀ ਵੀ ਕੀ ਕਰ ਲਏਗੀ...?'

## ਕਾਰਣ

ਵਧ ਰਹੇ ਭੀੜ-ਭੜੱਕੇ ਦਾ ਕਾਰਣ ਤਾਂ ਪ੍ਰੋਫੈਸਰ 'ਬੁਧੀ ਜੀਵੋਂ' ਹੋਰਾਂ, ਅਬਾਦੀ ਦਸਿਆ ਸੀ ਪਰ ਹਕੀਕਤ ਇਹ ਹੈ ਕਿ ਅਜ਼ਾਦੀ ਤੋਂ ਮਗਰੋਂ ਕਾਰਾਂ ਦੀ ਗਿਣਤੀ ਵਿਚ ਤਾਂ ਬੇਸ਼ੱਕ ਵੀਹ ਗੁਣਾਂ ਦਾ ਵਾਧਾ ਹੋਇਆ ਹੈ ਮਗਰ ਬਸਾਂ ਦੀ ਗਿਣਤੀ ਦੁਗਣੀ ਵੀ ਨਹੀਂ ਹੈ ਹੋਈ !!!

| ਆਈਟਮ | ਸੰਨ 1947 | ਸੰਨ 1982 | ਵਾਧਾ |
|---|---|---|---|
| ਕਾਰਾਂ | 1/2 ਲੱਖ | 11 ਲੱਖ | ਬਾਈ ਗੁਣਾਂ |
| ਬਸਾਂ | 3/4 ਲੱਖ | $1\frac{1}{2}$ ਲੱਖ | ਦੋ ਗੁਣਾਂ ਤੋਂ ਘਟ ਵੀ ਨਹੀਂ |

ਬਹੁਤੀ ਦੂਰ ਕੀ ਜਾਣਾ ਹੈ । ਜ਼ਰਾ 'ਖੁਸ਼ਹਾਲ' ਸੂਬੇ ਹੀ ਨਜ਼ਰ ਮਾਰ ਲਈਏ :—

ਪੰਜਾਬ :
ਬੱਸਾਂ ਦੀ ਗਿਣਤੀ 5 ਹਜ਼ਾਰ
ਕਾਰਾਂ ਗਿਣਤੀ 10 ਹਜ਼ਾਰ
ਚੰਡੀਗੜ੍ਹ :
ਕਾਰਾਂ ਦੀ ਗਿਣਤੀ 6000
ਬੱਸਾਂ ਦੀ ਗਿਣਤੀ 150

ਸੋ ਵੀਰਨੋ, ਬੱਸਾਂ ਵਿਚ ਭੀੜ-ਭੜੱਕੇ ਦਾ ਕਾਰਨ ਅਬਾਦੀ ਨਹੀਂ ਸਗੋਂ ਬੱਸਾਂ ਦੀ ਘਾਟ—ਬਹੁਤ ਭਾਰੀ ਘਾਟ !!

## ਬੱਸਾਂ ਦੀ ਘਾਟ ਕਿਉਂ ?

ਕੀ ਸੂਬਿਆਂ ਦੀਆਂ ਕਾਂਗਰਸੀ ਸਰਕਾਰਾਂ ਤੇ ਕੀ ਕੇਂਦਰੀ ਸਰਕਾਰ ਸਾਰੀਆਂ ਦੀਆਂ ਸਾਰੀਆਂ ਕਾਰਾਂ, ਹਵਾਈ ਜਹਾਜ਼ਾਂ, ਹਵਾਈ ਅੱਡਿਆਂ ਤੇ (ਉਡਾਣ ਸਮੇਂ ਰੈਸਟ ਕਰਨ ਖਾਤਰ) ਹੋਟਲਾਂ ਉਪਰ ਹੀ ਧਨ ਫੂਕੀ ਜਾ ਰਹੀਆਂ ਹਨ ।

## ਬੁੱਸ ਬਨਾਮ ਹਵਾਈ ਬੱਸ :

ਜਾਣਦੇ ਹੋ ਇਕ ਹਵਾਈ ਬੱਸ—(ਖਾਸ ਵੱਡਾ ਹਵਾਈ ਜਹਾਜ਼) ਕਿੰਨੇ ਦਾ ਆਉਂਦਾ ਹੈ...? ਸੱਠ ਕਰੋੜ ਦਾ !! ਉਂਜ ਐਨੇ ਕੁ ਦੀਆਂ 2500 ਨਵੀਆਂ ਨਕੋਰ ਬਸਾਂ ਵੀ ਖਰੀਦੀਆਂ ਜਾ ਸਕਦੀਆਂ ਹਨ । ਅਗਰ ਇਕ ਹਵਾਈ ਜਹਾਜ਼ ਦੀ ਜਗ੍ਹਾ ਢਾਈ ਹਜ਼ਾਰ ਬੱਸਾਂ ਖਰੀਦ ਲਈਏ ਤਾਂ ਪੰਜਾਬ ਜਿਡੇ ਸੂਬੇ ਦੀਆਂ ਤਮਾਮ ਟਰਾਂਸਪੋਰਟ ਸਮੱਸਿਆਵਾਂ (ਜਿਵੇਂ ਓਵਰ ਲੋਡਿੰਗ, ਟਾਈਮ ਮਿਸਿੰਗ, ਭੀੜ-ਭੜੱਥਾ, ਖਰਾਬ ਅਤੇ ਨਿਕੰਮੀਆਂ ਬੱਸਾਂ ਆਦਿ) ਦੂਰ ਹੋ ਸਕਦੀਆਂ ਹਨ ਪਰ ਐਨਾ 'ਮਾੜਾ ਕੰਮ' ਕਰੇ ਕੌਣ...? ਕੁਣਬਾ ਪਰਵਰ ਇੰਦਿਰਾ ਸਰਕਾਰ ਜਿਹੜੇ ਖੁਦ ਬਾਹਰ ਜਦ ਜਾਂਦੇ ਹਨ ਤਾਂ ਦੋ 2 ਵੱਡੇ ਜਹਾਜ਼ ਉਨ੍ਹਾਂ ਲਈ ਖਾਲੀ ਰਖਣੇ ਪੈਂਦੇ ਹਨ ! ਪਿਛੇ ਜਿਹੇ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਜੀ, ਅਮਰੀਕਾ ਗਏ, ਤਾਂ ਦੋ ਬੋਇੰਗ ਜਹਾਜ਼ਾਂ ਨੂੰ, ਉਨ੍ਹਾਂ ਦੇ ਰੂਟਾਂ ਵਿਚੋਂ ਕਢਕੇ (ਟਾਈਮ ਮਿਸ ਕਰਵਾ ਕੇ), ਸ੍ਰੀ ਮਤੀ ਇੰਦਰਾ ਗਾਂਧੀ ਜੀ ਲਈ ਰਾਖਵਾਂ ਕੀਤਾ ਗਿਆ ਸੀ। ਜਾਣਦੇ ਹੋ ਕਿੰਨਾ ਨੁਕਸਾਨ ਹੋਇਆ ਸੀ ਇਸ ਨਾਲ...? ਸਿਰਫ 2,0000000 ਦਾ !!! ਵੈਸਾ ਉਹ ਅਮਰੀਕਾ ਕਰਨ ਕੀ ਗਏ ਸਨ—ਸਮੇਤ ਪਰਵਾਰ ??

## ਮਤਰੇਈ ਮਾਂ ਵਰਗਾ ਸਲੂਕ ਕਿਉਂ

ਸਾਡੀਆਂ ਸਰਕਾਰਾਂ ਕਿੰਨੀਆਂ ਕੁ ਜੰਤਾ-ਹਿਤੈਸ਼ੀ ਹਨ, ਉਸ ਗੱਲ ਦਾ ਅੰਦਾਜ਼ਾ ਹੇਠਲੀਆਂ ਸਤਰਾਂ ਤੋਂ ਲਗ ਜਾਵੇਗਾ :—

'ਸੁੱਬਰ' ਮੁੱਖ ਮੰਤਰੀ ਹੋਰਾਂ, ਗੱਦੀ ਤੇ ਬੈਠਦਿਆਂ ਸਭ ਤੋਂ ਪਹਿਲਾਂ ਜਿਹੜਾ ਨੇਕ ਕੰਮ ਸੀ ਉਹ ਸੀ 50 ਕਰੋੜ ਦਾ ਦੀਵਾਲੀ-ਤੋਹਫਾ (ਨਵੰਬਰ 1990)...ਬੱਸ ਕਿਰਾਇਆਂ ਵਿਚ 43% ਵਾਧਾ...ਇਹ ਵਾਧਾ ਕਰਦੇ ਸਮੇਂ, ਵੱਡੀਆਂ ਵੱਡੀਆਂ ਬਾਂਗਾਂ ਵੀ ਦਿਤੀਆਂ ਸੰਨ ਜਿਵੇਂ "ਪੰਜਾਬ ਰੋਡਵੇਜ਼" ਖਾਤਰ 1200 ਨਵੀਆਂ ਬੱਸਾਂ ਖਰੀਦੀਆਂ ਜਾਣਗੀਆਂ ਬੱਸ ਅੱਡਿਆਂ ਨੂੰ ਸੁਧਾਰਿਆ ਜਾਵੇਗਾ, ਪਾਣੀ ਪੀਣ ਲਈ ਕੂਲਰ ਲਗਣਗੇ ਨਵੀਆਂ ਨਵੀਆਂ ਵਰਕਸ਼ਾਪਾਂ ਬਨਣੇਗੀਆਂ...

ਪਰ ਦੂੱਜੇ ਮਹੀਨੇ ਬਿਆਨ ਸੀ, ਬਾਰਾਂ ਸੌ ਬੱਸਾਂ "ਰੋਡਵੇਜ਼" ਖਾਤਰ (ਪੰਜਾਬ ਰੋਡਵੇਜ਼+ਪੈਪਸੂ ਰੋਡਵੇਜ਼) ਖਰੀਦੀਆਂ ਜਾਣਗੀਆਂ...

ਤੀਸਰੇ ਮਹੀਨੇ ਬੂਟਾ ਸਿੰਘ ਮੈਂਬਰ ਪਾਰਲੀਆਮੈਂਟ ਹੋਰੀਂ ਬੋਲੇ 600 ਬੱਸਾਂ ਖਰੀਦੀਆਂ ਜਾ ਰਹੀਆਂ ਹਨ ।

ਚੌਥੇ ਮਹੀਨੇ 400 ਬੱਸਾਂ ਖਰੀਦਣ ਬਾਬਤ ਪੋਸਟਰ

ਦੀਵਾਰਾਂ ਉਪਰ ਲਗੇ ਵੇਖੇ ਗਏ...

ਪੰਜਵੇਂ ਮਹੀਨੇ ਟਰਾਂਸਪੋਰਟ ਮੰਤਰੀ ਦੀ ਸਟੇਟ-ਮੈਂਟ ਸੀ, 200 ਬੱਸਾਂ ਖਰੀਦੀਆਂ ਜਾ ਰਹੀਆਂ ਹਨ, 30 ਪਹੁੰਚ ਚੁਕੀਆ ਹਨ, ਬਾਕੀ 120 ਦੀਆਂ ਚੈਸੀਆਂ ਤਿਆਰ ਹੋ ਰਹੀਆਂ ਹਨ !!

ਪਰ ਹਕੀਕਤ ਇਹ ਹੈ ਕਿ ਪੈਪਸੂ ਰੋਡਵੇਜ਼ ਵਿਚ ਇਸ ਸਮੇਂ ਦੁਰਾਨ ਕੁਲ 32 ਬੱਸਾਂ ਆਈਆਂ। ਵੈਸੇ ਇੰਨੀਆਂ ਕੁ ਬੱਸਾਂ, ਹਰ ਸਾਲ, ਉਹ ਆਪਣੇ ਆਪ ਹੀ ਵਧਾਈ ਜਾ ਰਹੇ ਸਨ !

## ਬੱਸਾਂ ਕਿਉਂ ਨਾ ਵਧੀਆਂ

ਤੁਸੀਂ ਪੁਛ ਸਕਦੇ ਹੋ ਕਿ ਬਿਆਨ ਤੇ ਬਿਆਨ ਦਾਗਣ ਦੇ ਬਾਵਜੂਦ, ਬੱਸਾਂ ਦੀ ਗਿਣਤੀ ਕਿਉਂ ਨਾ ਵਧਾਈ ਗਈ...?

## ਕਿਰਾਏ ਵਧਾਈ ਜਾਓ—ਟਾਟੇ ਦੇ ਢਿੱਡ ਵਿਚ ਪਾਈ ਜਾਓ

ਨੌਵੰਬਰ 1980 ਦੁਰਾਨ 43 ਪ੍ਰਤੀਸ਼ਤ ਕਿਰਾਏ ਵਧਾਉਣ ਮਗਰੋਂ ਪੈਪਸੂ ਰੋਡਵੇਜ਼ ਦੀ ਵਿਕਰੀ ਵਿਚ 50 ਲੱਖ ਮਹੀਨੇ ਦਾ ਫਰਕ ਪਿਆ ਹੈ।

| ਮਹੀਨਾ | 1979 | 1980 | ਵਾਧਾ |
|---|---|---|---|
| ਨਵੰਬਰ | 104 ਲੱਖ | 136 ਲੱਖ | 32 ਲੱਖ |
| ਦਿਸੰਬਰ | 109 ਲੱਖ | 141 ਲੱਖ | 32 ਲੱਖ |

| ਮਹੀਨਾ | 1930 | 1981 | ਵਾਧਾ |
|---|---|---|---|
| ਜਨਵਰੀ | 108 ਲੱਖ | 140 ਲੱਖ | 32 ਲੱਖ |
| ਫਰਵਰੀ | 110 ਲੱਖ | 144 ਲੱਖ | 34 ਲੱਖ |

ਨੋਟ : ਇਸ ਤਰ੍ਹਾਂ ਸਰਕਾਰ ਨੂੰ ਜਾਣ ਵਾਲੇ ਟੈਕਸ ਵਿਚ ਵੀ ਤਕਰੀਬਨ 15-16 ਲੱਖ ਪ੍ਰਤੀ ਮਹੀਨੇ ਦਾ ਵਾਧਾ ਹੋਇਆ ਹੈ।

ਮਗਰ ਵਾਧੇ ਵਿਚੋਂ ਦੋ-ਤਿਹਾਈ ਹੇਠ ਲਿਖੇ, ਡਕਾਰ ਗਏ ਹਨ :—

(ੳ) ਟਾਟਾ-ਬਿਰਲਾ-ਮੋਦੀ-ਮਹਿੰਦਰਾ-ਐਸਕੋਰਟ ਕਿਰਲੌਸਕਰ-ਅਨੰਦ ਬੈਟਰੀਜ਼ ਆਦਿ !

(ਅ) ਪ੍ਰਾਈਵੇਟ ਅਤੇ ਸਰਕਾਰੀ ਬੈਂਕ !!

ਅਤੇ ਰਹਿੰਦਾ ਖੂੰਹਦਾ ਸਰਕਾਰ ਛਕ ਗਈ ਹੈ

ਪੈਪਸੂ ਰੋਡਵੇਜ਼ ਦੀ ਵਿਕਰੀ ਵਿਚ ਬੇਸ਼ਕ 6 ਕਰੋੜ ਦੇ ਕਰੀਬ ਸਲਾਨਾ ਵਾਧਾ ਹੋਇਆ ਹੈ ਮਗਰ ਤੀਜਾ ਹਿੱਸਾ ਤਾਂ ਭਾਰਤੀ-ਅਜਾਰੇਦਾਰੀ ਹੀ ਖਾ ਗਈ। ਜ਼ਰਾ ਪੈਪਸੂ ਰੋਡਵੇਜ਼ ਦੇ ਖਰਚੇ ਵਿਚ ਇਕੋ ਸਾਲ ਹੋਇਆ ਵਾਧਾ ਵੇਖੋ :—

| ਆਈਟਮ | ਸਾਲ 1979-80 | ਸਾਲ 1980-81 | ਵਾਧਾ |
|---|---|---|---|
| ਟਾਇਰ-ਟਿਊਬਾਂ | 120 ਲੱਖ | 180 ਲੱਖ | 60 ਲੱਖ |
| ਬੈਟਰੀਆਂ—ਸਪੇਅਰ ਪਾਰਟਸ | 132 ਲੱਖ | 177 ਲੱਖ | 55 ਲੱਖ |
| ਚੈਸੀਆਂ | 150 ਲੱਖ | 275 ਲੱਖ | 75 ਲੱਖ |
| | | ਜੋੜ | 190 ਲੱਖ |

ਸੋ 43% ਕਿਰਾਏ ਵਧਾਏ ਕੀ ਕਰਨਗੇ ਜੇ ਬਿਰਲੇ-ਟਾਟੇ ਹੋਰੀਂ ਸਪੇਅਰ ਪਾਰਟਸ ਅਤੇ ਚੈਸੀਆਂ ਦੀਆਂ ਕੀਮਤਾਂ ਵਿਚ 143% ਦਾ ਵਾਧਾ ਕਰ ਦੇਣਗੇ...(ਪਰ ਉਨ੍ਹਾਂ ਤੇ ਚੈਕ ਕੌਣ ਲਗਾਊਗਾ...?)

| ਆਈਟਮ | ਸਾਲ 1977-78 | ਸਾਲ 1980-81 | ਵਾਧਾ |
|---|---|---|---|
| ਚੈਸੀ (ਮੋਟਰ ਬਿਨਾਂ ਬਾਡੀ) | 1 ਲੱਖ | 1 ਲੱਖ, 75 ਹਜ਼ਾਰ | 75% |
| ਟਾਇਰ-ਵੱਡਾ | 1500 | 2500 | 65% |
| ਕਮਾਨੀ-ਸਪਰਿੰਗ | 3000 | 6500 | 120% |
| ਟਿਊਬ ਪ੍ਰਤੀ ਨਗ | 110 | 200 | 80% |
| ਫਰੰਟ-ਹੱਬ | 160 | 400 | 150% |

ਨੋਟ : ਉਪਰੋਕਤ ਵਾਧੇ ਤਾਂ ਕੇਵਲ ਨਮੂਨੇ ਵਜੋਂ ਹੀ ਦਸੇ ਗਏ ਹਨ। ਹੋਰਨਾਂ 25-30 ਆਈਟਮਾਂ ਵਿਚ ਹੋਏ ਵਾਧੇ ਬਾਬਤ ਜਾਨਣ ਲਈ—ਵੇਖੋ ਸਲਾਨਾ—ਪ੍ਰਬੰਧਕੀ-ਰਿਪੋਟ ਸਾਲ 1980-81 = ਪੈਪਸੂ ਰੋਡਵੇਜ਼, ਸਫ਼ਾ 23...

## ਸਰਕਾਰ ਅੱਤੇ ਬੈਂਕਾਂ ਦਾ ਰਵਈਆ :—

ਪੰਜਾਬ ਸਰਕਾਰ ਨੇ 1956-81 ਦੇ ਪੰਝੀ ਸਾਲਾਂ ਦੁਰਾਨ, ਪੈਪਸੂ ਰੋਡਵੇਜ਼ ਵਿਚ ਕੁਲ 11 ਕਰੋੜ ਦੀ ਇਨਵੈਸਟਮੈਂਟ ਕੀਤੀ ਹੋਈ ਹੈ ਜਦੋਂ ਕਿ, ਪਿਛਲੇ ਇਕੋ ਸਾਲ ਦੁਰਾਨ ਹੀ (1981-82), ਪੰਜਾਬ ਸਰਕਾਰ ਨੇ ਸਵਾ ਗਿਆਰਾਂ ਕਰੋੜ ਦੇ ਕਰੀਬ ਪੈਪਸੂ ਰੋਡਵੇਜ਼ ਤੋਂ ਬਤੌਰ ਟੈਕਸ ਵਸੂਲੇ ਹਨ !! ਇਸੇ ਤਰ੍ਹਾਂ 1979 ਤੋਂ 1982 ਦੁਰਾਨ, ਸਰਕਾਰ ਦੁਆਰਾ ਉਗਰਾਹੇ ਟੈਕਸ ਲਗਪਗ ਇਸ ਪ੍ਰਕਾਰ ਹਨ :—

| ਸਾਲ | ਸਰਕਾਰੀ ਟੈਕਸ |
|---|---|
| 1979-80 | $6\frac{1}{2}$ ਕਰੋੜ |
| 1980-81 | 9 ਕਰੋੜ |
| 1981-82 | $11\frac{1}{4}$ ਕਰੋੜ |

ਅਜ ਔਸਤਨ ਇਕ ਬਸ ਸਵਾ ਲੱਖ ਰੁਪਏ ਸਲਾਨਾ ਤਾਂ ਬਤੌਰ ਟੈਕਸ, ਪੰਜਾਬ ਸਰਕਾਰ ਨੂੰ ਹੀ ਕਮਾ ਕੇ ਦੇ ਰਹੀ ਹੈ [ਇਥੇ ਇਹ ਵੀ ਯਾਦ ਰਖਿਆ ਜਾਏ ਕਿ ਐਸ ਵਕਤ ਪੈਪਸੂ ਰੋਡਵੇਜ਼ ਦੀ ਖੜੀ-ਖੜੋਤੀ ਇਕ ਬਸ ਦੀ (ਔਸਤਨ) ਕੀਮਤ ਵੀ ਸਵਾ ਲੱਖ ਹੀ ਬਣਦੀ ਹੈ] ਅਤੇ ਬੱਸ ਦੀ ਉਮਰ 8 ਸਾਲ ਦੇ ਕਰੀਬ ਹੁੰਦੀ ਹੈ !! ਸਰਕਾਰ ਹੋਰ ਬੱਸ ਤੋਂ ਕੀ ਭਾਲਦੀ ਹੈ...? ਪਰ ਸਰਕਾਰ ਤਾਂ ਟੈਕਸ ਲਗਾਉਣਾ ਹੀ ਜਾਣਦੀ ਹੈ, ਜਦੋਂ ਪੈਪਸੂ ਰੋਡਵੇਜ਼ ਵਾਲੇ ਸਰਕਾਰ ਕੋਲ ਪੁਜਦੇ ਹਨ ਕਿ ਜਨਾਬ ਟਾਈਮ ਮਿਸ ਹੋ ਰਹੇ ਹਨ,ਭੀੜ-ਭੜਕਾ ਬਹੁਤ ਹੋ ਜਾਂਦਾ ਹੈ,ਅੱਡਿਆਂ ਤੇ ਧੀਆਂ-ਭੈਣਾਂ ਦੇ ਪਿਸ਼ਾਬ ਕਰਨ ਖਾਤਰ ਪਰਦੇ ਤੀਕ ਨਹੀਂ ਤਾਂ ਸਰਕਾਰ ਉਸ ਨੂੰ ਬੈਂਕਾਂ ਦਾ ਰਸਤਾ ਵਖਾ ਦਿੰਦੀ ਹੈ ਕਿ ਉਨ੍ਹਾਂ ਤੋਂ ਕਰਜ਼ਾ ਲਵੋ ਸਾਰੇ !! ਤੇ ਫਿਰ ਉਨ੍ਹਾਂ ਨੂੰ 18-20%ਵਿਆਜ ਤੇ ਕਰਜ਼ਾ ਚੁਕਣਾ ਪੈਂਦਾ ਹੈ —ਨਤੀਜਾ ਇਹ ਹੋ ਰਿਹਾ ਹੈ ਕਿ ਪੈਪਸੂ ਰੋਡਵੇਜ਼,ਪਿਛਲੇ ਤਿੰਨ-ਚਾਰ ਸਾਲਾਂ ਤੋਂ ਲਗਾਤਾਰ, ਸਵਾ ਕਰੋੜ ਰੁਪਏ ਦੇ ਕਰੀਬ ਤਾਂ ਵੱਖ ਵੱਖ ਸਰਕਾਰੀ ਪ੍ਰਾਈਵੇਟ ਬੈਂਕਾਂ ਨੂੰ ਬਤੌਰ ਵਿਆਜ ਹੀ ਤਾਰ ਰਹੀ ਹੈ !! ਵਿਆਜ ਵੇਖੋ :—

| | |
|---|---|
| 1929—80 | 109 ਲੱਖ |
| 1980—81 | 159 ਲੱਖ |

## ਨਤੀਜਾ :

ਭਾਰੀ ਟੈਕਸ ਅਤੇ ਵਿਆਜ ਤਾਰਨ ਮਗਰੋਂ ਨਤੀਜਾ ਇਹ ਹੁੰਦਾ ਹੈ ਕਿ ਪੈਪਸੂਰੋਡਵੇਜ਼ ਆਪਣੀ ਲੋੜ ਮੁਤਾਬਿਕ, ਬੱਸਾਂ ਦੀ ਗਿਣਤੀ ਵਿਚ ਵਾਧਾ ਨਹੀਂ ਹੈ ਕਰ ਸਕਦੀ ਤੇ ਨਤੀਜੇ ਵਜੋਂ ਬੱਸਾਂ ਵਿਚ ਓਵਰਲੋਡਿੰਗ ਵਧਦੀ ਹੀ ਜਾ ਰਹੀ ਹੈ......

1977-78 ਦੇ ਮੁਕਾਬਲੇ ਮੁਸਾਫਰਾਂ ਦੀ ਗਿਣਤੀ 1980-81 ਤੀਕ ਹੀ ਡਿਉਢੀ ਹੋ ਗਈ ਹੈ (ਅੱਠ ਕਰੋੜ ਦੇ ਮੁਕਾਬਲੇ 12 ਕਰੋੜ) ਪਰੰਤੂ ਇਸੇ ਸਮੇਂ ਦੁਰਾਨ ਬੱਸਾਂ ਦੀ ਗਿਣਤੀ ਵਿਚ ਮਸਾਂ 15% ਦਾ ਵਾਧਾ ਹੀ ਹੋਇਆ ਹੈ।

## ਓਵਰਲੋਡਿੰਗ ਦਾ ਅਸਰ :

ਇਕ ਆਮ ਬਸ 52 ਮੁਸਾਫਰਾਂ ਵਾਸਤੇ ਪਾਸ ਹੁੰਦੀ ਹੈ ਜਿਨ੍ਹਾਂ ਦਾ ਤਕਰੀਬਨ ਵਜ਼ਨ 35-40 ਕਵਿੰਟਲ ਬਣਦਾ ਹੈ...? ਚੌਦਾਂ ਸਵਾਰੀਆਂ ਤੀਕ ਓਵਰਲੋਡਿੰਗ (ਕੇਵਲ ਮੈਦਾਨੀ ਇਲਾਕਿਆਂ ਵਿਚ) ਕਰਨ ਦੀ ਗੁੰਜਾਇਸ਼ ਹੁੰਦੀ ਹੈ। ਸੋ ਪਾ ਲਾਕੇ ਇਕ ਬਸ 40-45 ਕਵਿੰਟਲ ਵਜ਼ਨ ਢੋ ਸਕਦੀ ਹੈ। ਹੁਣ ਅਗਰ ਬੱਸ ਵਿਚ 50 ਦੀ ਜਗ੍ਹਾ 100 ਸਵਾਰੀ ਚੜ੍ਹੀ ਹੋਵੇ ਤਾਂ ਫਾਲਤੂ 50 ਸਵਾਰੀਆਂ ਦਾ ਭਾਰ (30-35 ਕਵਿੰਟਲ) ਕਿਵੇਂ ਬਸ ਬਰਦਾਸ਼ਤ ਕਰ ਸਕਦੀ ਹੈ ? ਕੀ 30-35 ਕਵਿੰਟਲ ਵਜ਼ਨ ਥੋੜਾ ਹੁੰਦਾ ਹੈ...??ਉਹ ਨੱਟ-ਬੋਲਟ, ਟਾਇਰ ਟਿਊਬਾਂ, ਹੱਬਾਂ-ਐਕਸਲ—ਜੋ ਡੀਜ਼ਾਈਨ ਹੀ ਕੇਵਲ 40 ਕਵਿੰਟਲ ਵਜ਼ਨ ਵਾਸਤੇ ਗਏ ਹੋਣ, 80 ਕਵਿੰਟਲ ਵਜ਼ਨ ਕਿਵੇਂ ਚੁੱਕ ਸਕਦੇ ਹਨ...?? ਇੰਜਣ ਵੱਖ ਧਾਂ ਧਾਂ ਕਰਨ ਲਗ ਪੈਂਦਾ ਹੈ, ਪਿਸਟਨ-ਰਿੰਗਾਂ ਦਾ ਭੱਠਾ ਬੈਠ ਜਾਂਦਾ ਹੈ। ਟਾਇਰਾਂ ਤੇ ਲੋੜੋਂ ਵਧ ਪ੍ਰੈਸ਼ਰ ਆ ਪੈਂਦਾ ਹੈ, ਨਤੀਜੇ ਵਜੋਂ ਮਾੜਾ-ਮੋਟਾ ਟੋਇਆ ਆਇਆ ਨਹੀਂ ਕਿ ਕਾਮ, ਤਮਾਮ ਹੋ ਜਾਂਦਾ ਹੈ...।

ਜੇ ਟਾਇਰ ਨਾ ਵੀ ਜਵਾਬ ਦੇ ਜਾਣ ਤੇ ਕਮਾਨੀਆਂ "ਫਲੈਟ" (ਸਿਧੀਆਂ) ਹੋ ਜਾਂਦੀਆਂ ਹਨ। ਇਕ ਕਮਾਨੀ ਵਿਚ 16-18 ਪੱਤੀਆਂ ਹੁੰਦੀਆਂ ਹਨ— ਅਗਰ ਇਕ ਵੀ ਪਤੀ ਢਿਲੀ ਹੋ ਜਾਏ ਤਾਂ ਬੱਸ ਉਲਟਣੋ ਧਰਿੰਦਰ ਬ੍ਰਹਮਚਾਰੀ ਵੀ ਨਹੀਂ ਬਚਾ ਸਕਦਾ !! ਕੁਝ ਅਰਸਾ ਪਹਿਲਾਂ, ਟਾਂਡੇ ਨੇੜੇ, ਅਗਲੀਆਂ ਕਮਾਨੀਆਂ ਅਜਿਹੀਆਂ ਢਿੱਲੀਆਂ ਹੋਈਆਂ ਕਿ ਬੱਸ ਸਿੱਧੀ ਟਾਹਲੀ ਵਿਚ ਵੱਜੀ (ਉਸ ਵਕਤ ਸਟੇਰਿੰਗ ਦਾ ਕੋਈ ਕੰਟਰੋਲ ਨਹੀਂ ਰਹਿੰਦਾ) ਅਤੇ ਟਾਹਲੀ ਨੇ ਬੱਸ ਨੂੰ ਐਨ ਸੈਂਟਰ ਵਿਚੋਂ ਚੀਰ ਕੇ ਰਖ ਦਿਤਾ !!! ਸੰਨ 1979 ਦੀ ਗਲ ਹੈ...ਲੇਖਕ, ਖੁਦ, ਤੜਕਸਾਰ ਸਰਹਿੰਦ ਤੋਂ ਪਟਿਆਲੇ, ਇਕ ਪ੍ਰਾਈਵੇਟ ਬੱਸ ਰਾਹੀਂ ਆ ਰਿਹਾ ਸੀ। ਕਣੀਆਂ, ਰਾਤ ਪੈ ਕੇ ਹਟੀਆਂ ਸਨ ! ਫਰੰਟ ਸੀਟ ਤੇ ਇਕ ਠਾਣੇਦਾਰ, ਡਰੈਵਰ ਦੀ ਪਿਛਲੀ ਸੀਟ ਤੇ ਮੈਂ ਅਤੇ 20-25 ਹੋਰ ਮੁਸਾਫਰ ਹੀ ਬੱਸ ਵਿਚ ਸਨ ! ਅਚਾਨਕ ਕੀ ਵੇਖੀਏ, ਡਰੈਵਰ ਸਟੀਰਿੰਗ ਸੱਜੇ ਘੁਮਾਏ ਤਾਂ ਬੱਸ ਖਬੇ ਜਾਏ ਅਗਰ ਉਹ ਖਬੇ ਮੋੜੇ ਤਾਂ ਬੱਸ ਸੱਜੇ ਜਾਏ... ਕਮਾਨੀਆਂ ਢਿਲਕਣ ਕਾਰਨ, ਬਸ 'ਫਰੀ' ਹੋ ਚੁੱਕੀ ਸੀ...ਉਹ ਤਾਂ ਚਿੱਕੜ ਭਰੀ ਸੜਕ ਮੁਤਾਬਕ ਹੀ ਕਦੇ

ਖਬੇ ਕਦੇ ਸਜੇ ਆਪਣੇ ਆਪ ਹੀ ਮੁੜਦੀ ਜਾ ਰਹੀ ਸੀ ...ਅਤੇ ਸੰਕਿੰਟਾਂ ਵਿਚ ਹੀ 'ਧੜੱ ।' ਦੀ ਅਵਾਜ਼ ਆਈ, ਡਰੈਵਰ ਮੇਰੇ ਉਤੇ ਅਤੇ ਠਾਣੇਦਾਰ ਡਰੈਵਰ ਉਤੇ ਤੇ ਕਾਲਾ ਤੇਲ ਤਿੰਨਾਂ ਦੇ ਉਤੇ ਵਗੀ ਤੁਰਿਆ ਜਾ ਰਿਹਾ ਸ਼ੀ...ਬੱਸ ਵਿਚੋਂ ਹਾਲ-ਪਾਰਿਆ ਤੇ ਵਾਹਿਗੁਰੂ ਵਾਹਿਗੁਰੂ, ਰਾਮ ਰਾਮ ਦੀਆਂ ਅਵਾਜ਼ਾਂ ਆ ਰਹੀਆਂ ਸਨ । ਤਿੰਨ ਕੁ ਸਵਾਰੀਆਂ ਦੀਆਂ ਹੱਡੀਆਂ ਪਸਲੀਆਂ ਟੁੱਟੀਆਂ, ਬਾਕੀਆਂ ਦਾ ਬਚਾ ਹੋ ਗਿਆ ਸੀ । ਠੰਡ ਹੋਣ ਕਾਰਨ ਮੁਬਲਾਇਲ ਨੇ ਅੱਗ ਨਹੀਂ ਸੀ ਫੜੀ ਵਰਨਾ... ਇਕ ਟਾਹਲੀ ਬਚਾ ਗਈ ਸੀ ਵਰਨਾ ਬਸ ਦੀਆਂ ਹੋਰ ਬਾਜ਼ੀਆਂ ਵੀ ਬੇਸ਼ੱਕ ਲਗ...ਦੂਜਾ 'ਬਚਾ' ਇਸ ਵਿਚ ਹੋ ਗਿਆ ਕਿ ਸਾਹਮਣੇ ਤੋਂ ਕੋਈ ਬਸ/ਟਰੱਕ ਨਹੀਂ ਸੀ ਆਇਆ । ਇਕ ਦੋ ਮੋਟਰ ਸਾਈਕਲ ਤੇ ਇਕ ਰੇੜਾ ਕੁਦਰਤੀ ਬਚ ਗਏ ਸਨ...ਬਾਕੀ ਡਰੈਵਰ ਦੇ ਹੌਂਸਲਾ ਨਾ ਛਡਣ ਕਾਰਨ ਵੀ ਬੱਸ ਉਲਟਦੇ ਸਮੇਂ ਤੀਕ ਕਾਫੀ ਆਹਿਸਤੇ ਹੋ ਚੁਕੀ ਸੀ...।

## ਨਾਕਸ ਪੁਰਜ਼ੇ

ਲਗ ਪਗ ਸਭ ਦੀਆਂ ਸਭ ਬਸਾਂ ਦੀਆਂ ਬਾਡੀਆਂ ਪ੍ਰਾਈਵੇਟ ਠੇਕੇਦਾਰਾਂ ਤੋਂ ਬਣਵਾਈਆਂ ਜਾਂਦੀਆਂ ਹਨ । ਅਜ ਕਲ੍ਹ ਇਕ ਬਾਡੀ ਉੱਪਰ 50 ਹਜ਼ਾਰ ਰੁਪਏ ਦੇ ਕਰੀਬ ਖਰਚਾ ਆ ਰਿਹਾ ਹੈ । ਠੇਕੇਦਾਰੀ ਦੇ ਕੰਮ ਤਾਂ ਬਸ ਤੁਸੀਂ ਸਾਰੇ ਸਮਝਦੇ ਹੀ ਹੋ—ਜਿਹੋ ਜਿਹੇ ਹੋਣਗੇ ? ਇਕ ਬਾਡੀ ਨੂੰ ਅੱਠ ਸਾਲ ਤੀਕ ਚਲਣਾ ਚਾਹੀਦਾ ਹੈ ਮਗਰ ਕਈ ਕਈ ਵੇਰਾਂ ਸ਼ੀਸ਼ੇ ਬਾਰੀਆਂ ਬਾਰੀਆਂ ਆਦਿ ਅੱਠਾਂ ਮਹੀਨਿਆਂ ਵਿੱਚ ਹੀ ਕੀਰਤਨ ਕਰਨ ਲਗ ਪੈਂਦੇ ਹਨ ..?

ਅਜਿਹਾ ਕਿਉਂ ਹੁੰਦਾ ਹੈ ..? ਇਥੋਂ ਤੀਕ ਸੁਨਣ ਵਿਚ ਆਇਆ ਹੈ ਕਿ ਗੱਡੀ ਨੂੰ ਬਾਡੀ ਲਵਾ ਕੇ ਮਗਰੋਂ ਅੱਡੇ ਤੇ ਪੁਜੀਦਾ ਹੈ, ਅਫਸਰਾਂ ਦੇ ਘਰੀਂ, ਸਕੂਟਰ, ਫਰਿਜ ਜਾਂ ਟੈਲੀਵੀਜ਼ਨ ਪਹਿਲਾਂ ਹੀ ਪੁੱਜ ਜਾਂਦੇ ਹਨ...??? ਦਸ-ਬਾਰਾਂ ਹਜ਼ਾਰ ਫੀ ਬਾਡੀ ਦੀ ਰਿਸ਼ਵਤ ਚਲ ਰਹੀ ਹੈ !!!

ਹੋਰ ਤੇ ਹੋਰ, ਸਪੇਅਰ ਪਾਰਟਸਾਂ ਵਿਚ ਵੀ ਬੇਹੱਦ ਬੇਈਮਾਨੀ ਹੁੰਦੀ ਹੈ ! ਸਟੈਂਡਰਡ ਦੀਆਂ ਕੰਪਨੀਆਂ ਤੋਂ ਪੁਰਜ਼ੇ ਖਰੀਦਣ ਵਿੱਚ (ਸੈਂਟਰਲ ਪਰਚੇਜ਼ ਦਫਤਰਾਂ ਰਾਹੀਂ ਆਡਰ ਭੇਜਣ ਵਿਚ) ਲੋੜੋਂ ਵਧ ਸਮਾਂ ਲਾਲ-ਫੀਤਾ-ਸ਼ਾਹੀ ਵਿਚ ਲਗ ਜਾਂਦਾ ਹੈ । ਅਕਸਰ ਲੱਖਾਂ ਰੁਪਈਆਂ ਦੀ ਲੋਕਲ ਪਰਚੇਜ਼ ਕੀਤੀ ਜਾਂਦੀ ਹੈ । ਇਕ ਸਧਾਰਣ ਗਰਾਰੀ ਜਿਸ ਵਿਚ 1 ਰੁਪਏ ਦਾ ਪਿਤਲ ਢਾਲ ਕੇ ਪਾਇਆ ਗਿਆ ਹੈ, ਮਾਰਕੀਟ ਵਿਚ 24-25 ਰੁਪਏ ਤੋਂ ਘੱਟ ਤੇ ਨਹੀਂ ਮਿਲਦੀ । (ਦਿੱਲੀ ਵਿਖੇ ਲੇਖਕ ਨੇ ਅਜਿਹਾ ਅੱਖੀਂ ਵੇਖਿਆ ਹੈ). . ਪਿੱਤਲ ਦੀ ਕੀਮਤ—ਇਕ ਰੁਪਈਆ, ਢਲਾਈ-ਮਜ਼ਦੂਰੀ - ਇਕ ਰੁਪਈਆ, ਰਗੜਾਈ ਅਤੇ ਪਾਲਿਸ਼—ਇਕ ਰੁਪਈਆ, 'ਮੇਡ ਇਨ ਇੰਗਲੈਂਡ' ਦੀ ਮੋਹਰ—ਤਿੰਨ ਰੁਪਈਏ ... ਠੇਕੇਦਾਰ ਨੇ ਖਰੀਦੀ 6 ਰੁਪਏ ਦੀ—ਦੁਕਾਨਦਾਰ ਨੂੰ ਵੇਚੀ 12 ਰੁਪਈਆਂ ਦੀ—ਗਾਹਕ ਨੂੰ ਪਈ 24 ਰੁਪਈਆਂ ਦੀ...। ਇਕ ਬੜੇ ਸੀਨੀਅਰ ਹੈਡ-ਮਕੈਨਿਕ ਨੇ ਦਸਿਆ ਕਿ ਮਾਰਕੀਟ ਵਿਚੋਂ ਮਿਲਣ ਵਾਲੇ ਸਪੇਅਰ ਪਾਰਟਸਾਂ ਵਿਚੋਂ 75% ਜੈਨੂਅਨ (ਠੀਕ) ਨਹੀਂ ਹੁੰਦੇ !!! ਉਨ੍ਹਾਂ ਦੀ ਟੈਸਟਿੰਗ ਦਾ ਕੋਈ ਪ੍ਰਬੰਧ ਨਹੀਂ—ਕੋਈ ਚੈਕਿੰਗ ਨਹੀਂ ਉਹ ਲੋੜ ਮੁਤਾਬਕ ਵਜ਼ਨ ਵੀ ਬਰਦਾਸ਼ਤ ਕਰ ਸਕਣਗੇ ਕਿ ਨਾ ? ਸਟੈਂਡਰਡ ਦੇ ਪੁਰਜ਼ੇ ਅਕਸਰ ਮਿਲਦੇ ਹੀ ਨਹੀਂ । ਪੈਪਸੂ ਰੋਡਵੇਜ਼ ਪਟਿਆਲਾ ਵਿਚ ਇਕ ਗੱਡੀ ਤਿੰਨ ਮਹੀਨੇ ਇਸ ਲਈ ਵਰਕਸ਼ਾਪ ਵਿਚ ਖੜੀ ਰਹੀ ਕਿ 0-60 ਨੰਬਰ ਦੇ ਰਿੰਗ ਨਹੀਂ ਸਨ ਹੈਗੇ । ਇਥੇ ਇਹ ਯਾਦ ਰਖਿਆ ਜਾਏ, ਨਵੀਂ ਗੱਡੀ 90 ਦਿਨਾਂ ਵਿਚ ਇਕ ਲੱਖ ਤੋਂ ਵਧ ਕਮਾਈ ਕਰ ਲੈਂਦੀ ਹੈ !! ਹੋਰ ਤੇ ਹੋਰ, ਸਟੈਂਡਰਡ ਦੀਆਂ ਕੰਪਨੀਆਂ ਦੇ ਪੁਰਜ਼ੇ ਵੀ ਕਈ ਵੇਰਾਂ ਐਵੇਂ ਹੀ ਨਿਕਲਦੇ ਹਨ । ਕਈ ਵੇਰਾਂ ਤਾਂ ਟਾਇਰਾਂ ਦੀਆਂ 14 ਪਲਾਈਆਂ ਦੀ ਥਾਂ 10 ਪਲਾਈਆਂ ਹੀ ਨਿਕਲਦੀਆਂ ਹਨ । ਅਜਿਹੇ ਟਾਇਰ 'ਬਰਸਟ' ਨਹੀਂ ਹੋਣਗੇ ਤਾਂ ਹੋਰ ਕੀ ਹੋਵੇਗਾ...?? ਕਿੰਗ-ਪਿੰਨ, ਫੈਨ-ਬੈਲਟਾਂ, ਹੈਡ ਲਾਈਟ-ਬਲਬ ਆਦਿ ਕਈ ਵੇਰਾਂ ਸਾਲ ਦੀ ਬਜਾਏ ਤਿੰਨਾਂ ਮਹੀਨਿਆਂ ਵਿਚ ਹੀ ਟੁੱਟ ਜਾਂਦੇ ਹਨ । ਨਤੀਜੇ ਵਜੋਂ ਐਕਸੀਡੈਂਟ ਹੀ ਹੋਣੇ ਹਨ !!

## ਟੈਕਨੀਕਲ ਅਦਾਰਾ—ਨਾਨ ਟੈਕਨੀਕਲ ਮੈਂਬਰ (ਪ੍ਰਬੰਧਕੀ ਬੋਰਡ)

### ਭੇੜੇ ਪ੍ਰਬੰਧਕ :

ਪ੍ਰਬੰਧਕਾਂ ਬਾਬਤ ਥੋੜੀ ਜਿਹੀ ਤਸਵੀਰ ਤਾਂ ਤੁਸੀਂ ਪਹਿਲੀਆਂ ਸਤਰਾਂ ਵਿਚ ਵੇਖ ਲਈ ਹੋਵੇਗੀ, ਆਉ ਹੁਣ ਉਹਨਾਂ ਦੇ ਗਿਆਨ ਬਾਬਤ ਵੀ ਕੋਈ ਵਿਚਾਰ ਕਰੀਏ । ਪੈਪਸੂ ਰੋਡਵੇਜ਼ ਦਾ ਹੀ ਕੇਸ ਲੈ ਲਵੋ । ਇਸ ਦੇ ਪ੍ਰਬੰਧਕੀ ਬੋਰਡ ਤੇ 6 ਪੰਜਾਬੀ ਅਤੇ 3 ਦਿੱਲੀ ਦੇ (ਉਤਰੀ ਰੇਲਵੇ ਦੇ—ਜਿਸਦਾ 25% ਹਿੱਸੇ ਹਨ) ਮੈਂਬਰ ਹਨ । ਹੈਰਾਨੀ ਦੀ ਗੱਲ ਇਹ ਹੈ ਕਿ ਨੌਵਾਂ ਦੇ ਨੌਵਾਂ ਮੈਂਬਰਾਂ ਵਿਚੋਂ ਇਕ ਕੋਲ ਵੀ ਆਈ.ਟੀ.ਆਈ. ਦਾ ਡਿਪਲੋਮਾ ਤੀਕ ਨਹੀਂ !! ਸਾਰੇ ਦੇ ਸਾਰੇ ਆਈ.ਏ.ਐਸ. ਜਾਂ ਪੀ.ਸੀ.ਐਸ. ਹਨ । ਹੋਰ ਵੀ ਅਚੰਭੇ ਦੀ ਗਲ ਕਿ ਇਹਨਾਂ ਵਿਚੋਂ

ਜਿਹੜੇ 5 ਮੁੱਖ ਸੈਂਬਰ; ਆਈ.ਏ.ਐਸ ਹਨ—ਉਨ੍ਹਾਂ ਵਿਚੋਂ ਬਹੁਤੇ ਭਾਵੇਂ ਵੀਹ ਵੀਹ ਹੋਰ ਕਮੇਟੀਆ ਦੇ ਵੀ ਮੈਂਬਰ ਹੋਣ...? ਸ੍ਰੀ ਸੀ.ਡੀ. ਚੀਮਾ ਅਤੇ ਸ੍ਰੀ ਜੀ. ਬਾਲਾਕਰਿਸ਼ਨਣ ਆਈ.ਏ.ਐਸ. ਤਾਂ ਕਰਮਵਾਰ ਸਵਾ ਮਹੀਨੇ ਅਤੇ ਡੂਢ ਮਹੀਨੇ ਲਈ ਪ੍ਰਬੰਧਕੀ ਬੋਰਡ ਦੇ ਚੇਅਰਮੈਨ ਰਹੇ ਹਨ।

## ਅਫ਼ਸਰਸ਼ਾਹੀ :

ਪੰਜਾਬ ਤੇ ਪੈਪਸੂ ਰੋਡਵੇਜ਼ ਵਿਚ ਲਗਪਗ 100 ਕੁ ਅਫਸਰ ਹਨ—ਇਹਨਾਂ ਵਿਚ ਡੀਪੂ ਮੈਨੇਜਰ, ਵਰਕਸ ਮੈਨੇਜਰ, ਵਰਕਸ ਮੈਨੇਜਰ ਅਤੇ ਟਰੈਫਿਕ-ਮੈਨੇਜਰ ਸ਼ਾਮਲ ਹਨ। ਪਰ ਦੁਖ ਨਾਲ ਇਹ ਕਹਿਣਾ ਪੈਂਦਾ ਹੈ ਕਿ ਇਹਨਾਂ ਵਿਚ ਵੀ ਮਸਾਂ ਸੱਤ-ਅੱਠ ਅਫਸਰ ਹੀ ਸਹੀ ਟੈਕਨੀਕਲ ਯੋਗਤਾ ਰਖਦੇ ਹਨ। ਡੀਪੂ ਮੈਨੇਜਰਾਂ ਵਿਚ ਬਹੁ ਗਿਣਤੀ ਪੀ.ਸੀ.ਐਸ.—ਅਫਸਰ-ਸ਼ਾਹਾਂ ਦੀ ਹੈ। ਇਥੇ ਇਹ ਵੀ ਯਾਦ ਰਖਿਆ ਜਾਵੇ ਕਿ 'ਟਰਾਂਸਪੋਰਟ', ਚਾਰ ਪ੍ਰਕਾਰ ਦੀ ਐਨਜੀਨਰਿੰਗ ਦਾ ਸੁਮੇਲ ਹੁੰਦਾ ਹੈ। (1) ਹਾਈਵੇ ਐਂਡ ਬਰਿਜਜ਼ (ਸੜਕਾਂ ਅਤੇ ਪੁਲ) (2) ਮਕੈਨੀਕਲ ਐਨਜੀਨਰਿੰਗ (3) ਆਟੋ-ਮੋਬਾਈਲ ਐਨਜੀਨਰਿੰਗ (4) ਵਰਕਸ਼ਾਪ ਟੈਕਨਾਲੋਜੀ।

ਇਕ ਵੇਰਾਂ ਟਾਂਡੇ ਨੇੜੇ, ਅਗਲਾ ਟਾਇਰ ਫਟ ਜਾਣ ਕਰਕੇ ਬੜਾ ਭੈੜਾ ਐਕਸੀਡੈਂਟ ਹੋਇਆ। ਇਕ ਪ੍ਰਬੰਧਕੀ ਅਫਸਰ ਐਨਕੁਐਰੀ ਤੇ ਗਿਆ—ਮੌਕਾ ਵੇਖਣ ਮਗਰੋਂ ਕਹਿੰਦਾ, ਆਏ ਦਿਨ ਅਗਲੇ ਟਾਇਰ ਕਾਰਨ ਹੀ ਐਕਸੀਡੈਂਟ ਹੋਏ ਰਹਿੰਦੇ ਹਨ—ਪਿਛੇ ਵਾਂਗੂ, ਤੁਸੀਂ ਦੋ ਦੋ ਟਾਇਰ ਅੱਗੇ ਵੀ ਕਿਉਂ ਨਹੀਂ ਚੜ੍ਹਾ ਲੈਂਦੇ.. ਉਸ ਅਕਲ ਦੇ ਵੈਰੀ ਨੂੰ ਕੋਈ ਪੁਛਦਾ ਕਿ ਗੱਡੀ ਮੁੜ ਤੇਰਾ ਭਾਈਆ ਆ ਕੇ ਮੋੜੂਗਾ...???

ਚੰਡੀਗੜ੍ਹ ਦੀ ਵਰਕਸ਼ਾਪ ਵਿਖੇ ਬੈਟਰੀਆਂ ਜਲਦ ਖਰਾਬ ਹੋ ਜਾਂਦੀਆਂ ਸ਼ਨ। ਇਕ ਅਫਸਰ ਆਇਆ ਉਸ ਵੇਖਿਆ ਕਿ ਬੈਟਰੀਆਂ ਵਿਚੋਂ ਕਚਰਾ ਬਹੁਤ ਨਿਕਲਦਾ ਹੈ (ਬੈਟਰੀ ਡਿਸਚਾਰਜ ਹੋਣ ਮਗਰੋਂ ਪਾਊਡਰ ਜਿਹਾ ਅਕਸਰ ਬਣ ਜਾਂਦਾ)...ਬੋਲਿਆ, "ਓਏ ਤੁਸੀਂ ਤੇਜ਼ਾਬ ਪੁਣਕੇ ਨਹੀਂ ਪਾਉਂਦੇ ਬੈਟਰੀਆਂ ਵਿਚ ?"

ਜਨਾਬ ਪਰ ਤੇਜ਼ਾਬ ਪੁਣੀਏ ਕਾਹਦੇ ਨਾਲ ?

ਕਪੜੇ ਦੇ ਪੋਣੇ ਨਾਲ ਉਸ ਪ੍ਰਬੰਧਕੀ ਅਫਸਰ ਦਾ ਜਵਾਬ ਸੀ !! ਪਤਾ ਲਗਾ ਹੈ ਕਿ ਪਿਛੇ ਜਿਹੇ ਉਹੀ ਸਿਫ਼ਾਰਸ਼ੀ ਭਰਤੀ ਹੋਇਆ ਅਫਸਰ ਟੈਕਨੀਕਲ ਟਰੇਨਿੰਗ ਸਕੂਲ ਫਾਰ ਟਰਾਂਸਪੋਰਟ—ਮੁਹਾਲੀ ਦਾ ਪ੍ਰਿੰਸੀਪਲ ਲਗਾ ਦਿਤਾ ਗਿਆ ਸੀ।

## ਦੋਸ਼ੀ ਡਰੈਵਰ :—

ਆਉ ਹੁਣ ਉਸ ਨੁਕਤੇ ਤੇ ਵੀ ਝਾਤ ਮਾਰੀਏ ਜਿਸਦਾ ਸਭ ਤੋਂ ਵਧੇਰੇ ਰੌਲਾ ਪਾਇਆ ਜਾਂਦਾ ਹੈ! ਕੋਈ ਸ਼ੱਕ ਨਹੀਂ ਕਿ ਡਰੈਵਰਾਂ ਵਿਚ ਚੋਖੀ ਗਿਣਤੀ ਸ਼ਰਾਬ ਪੀਂਦੀ ਹੈ, ਪਰ ਸੰਵਾਲ ਪੈਦਾ ਹੁੰਦਾ ਹੈ ਕਿ ਉਹ ਸ਼ਰਾਬ ਕਿਉਂ ਪੀਂਦੇ ਹਨ ਅਤੇ ਅਗਰ ਪੀਂਦੇ ਹਨ ਤੇ ਉਸਦਾ ਕੀ ਇਲਾਜ ਹੈ...?

ਸੱਚ ਪੁੱਛੋ, ਤਾਂ ਚੰਦ ਇਕ ਡਰੈਵਰਾਂ ਨੂੰ ਛੱਡ ਕੇ ਬਹੁਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਬਿਲਕੁਲ ਹੱਕ ਵਿਚ ਨਹੀਂ ਕਿਉਂਕੇ ਉਹ ਜਾਣਦੇ ਹਨ ਕਿ ਸਭ ਤੋਂ ਪਹਿਲਾਂ ਡਰੈਵਰ ਦੇ ਘਰ ਹੀ ਵੈਣ ਪੈਣੇ ਹਨ, ਪਰ ਫਿਰ ਵੀ ਚਲਾਉਂਦੇ ਹਨ—ਇਸਦਾ ਪਹਿਲਾ ਕਾਰਨ ਹੈ ਅਤੀ-ਕਠਨ-ਨੌਕਰੀ !! ਡਰੈਵਰੀ ਕਰਨ ਤੇ ਪ੍ਰੋਫੈਸਰੀ ਜਾਂ ਬਾਬੂਗਿਰੀ ਕਰਨ ਵਿਚ ਜ਼ਮੀਨ ਅਸਮਾਨ ਦਾ ਫਰਕ ਫਰਕ ਹੈ...? ਅਸੀਂ ਜਦੋਂ ਬੱਸ ਵਿਚ ਸਫਰ ਕਰਦੇ ਹਾਂ ਤਾਂ ਸੀਟ ਤੇ ਬੈਠੇ ਬੈਠੇ ਹੀ ਅੱਕ ਜਾਂਦੇ ਹਾਂ—ਹਾਲਾਂਕਿ ਅਸੀਂ ਔਧਰ ਉਧਰ ਦੀ ਗੱਪ-ਸ਼ੱਪ, ਹਾਸਾ-ਠੱਠਾ ਵੀ ਕਰਦੇ ਰਹਿੰਦੇ ਹਾਂ। ਅਖਬਾਰ ਰਸਾਲੇ ਵਿਚੋਂ ਵੀ ਅਨੰਦ ਮਾਣਦੇ ਰਹਿੰਦੇ ਹਾਂ, ਪਰ ਫਿਰ ਵੀ ਢਾਈ-ਤਿੰਨਾਂ ਘੰਟਿਆਂ ਵਿਚ ਹੀ ਅੱਕ ਜਾਂਦੇ ਹਾਂ। ਹੁਣ ਜ਼ਰਾ ਡਰੈਵਰ ਵਾਲੀ ਸੀਟ ਤੇ ਨਜ਼ਰ ਮਾਰੋ। ਸਾਰੀ ਰਾਤ ਫੱਟੇ ਜੋੜ ਕੇ ਬੱਸ ਉਪਰ ਸੁੱਤਾ ਰਿਹਾ—ਗੈਂਡੇ ਗੈਂਡੇ ਜਿਡੇ ਪਟਿਆਲਾ—ਸ਼ਾਹੀ ਮੱਛਰ ਵੱਖ ਖ਼ੂਨ ਚੂਸਦੇ ਰਹੇ, ਤੜਕੇ ਉੱਠ ਕੇ ਧੱਕਾ-ਸਟਾਰਟ ਬਸ ਸੰਭਾਲੀ, ਸਾਰੀ ਦਿਹਾੜੀ ਘਰੜ ਘਰੜ ਘੂੰ..ਘਰੜ ਘਰੜ ਘੂੰ..ਠੱਕ ਠੱਕ ਛੀਂਅ... ਦੀਆਂ ਅਵਾਜ਼ਾਂ ਦੁਆਰਾ ਪੈਦਾ ਕੀਤਾ ਪਰਦੇ-ਪਾੜ ਰਾਗ ਸੁਣਦਾ ਰਿਹਾ... ਇੰਜਣ ਦੀ ਗਰਮੀ ਉਤੋਂ ਸਿਖਰ ਦੁਪੈਹਿਰ, ਸਾਹਮਣੇ ਕਦਮ ਕਦਮ ਤੇ ਟਰੱਕਾਂ ਵਾਲਿਆਂ ਨਾਲ ਗਾਲੀ-ਗਲੋਚ, ਸਵਾਰੀਆਂ ਦਾ ਚੀਕ-ਦਿਹਾੜਾ, ਹਨ੍ਹੇਰੇ ਪਏ ਨੂੰ ਘਰ ਮੁੜਨ ਦਾ ਫਿਕਰ .. ਕਦਮ ਕਦਮ ਤੇ ਮੌਤ (ਅੱਖਾਂ ਝਪਕਣ ਤੇ ਦੋ ਸਕਿੰਟ ਲਗਦੇ ਹਨ, ਅਗਰ ਡਰੈਵਰ ਇਕ ਸਕਿੰਟ ਵੀ ਬੇਧਿਆਨਾ ਹੋ ਜਾਵੇ ਤਾਂ ਨਾਰਮਲ ਸਪੀਡ ਤੇ ਜਾ ਰਹੀ ਗੱਡੀ ਵੀ 50 ਫੁੱਟ ਔਧਰ-ਉਧਰ ਹੋ ਸਕਦੀ ਹੈ—ਇਥੇ ਇਹ ਵੀ ਯਾਦ ਰਖਿਆ ਜਾਏ ਕਿ ਵੱਡੀ ਜਰਨੈਲੀ ਸੜਕ ਵੀ ਕੁਲ 22 ਫੁੱਟ ਚੌੜੀ ਹੈ)... ਅਜ ਸਵੇਰੇ ਤੜਕੇ ਦਿੱਲੀ ਨੂੰ ਗਿਆ, ਅੱਧੀ ਰਾਤ ਗਿਆਂ ਉਥੋਂ ਮੁੜਿਆ, ਸਵੇਰੇ ਪੌਣੇ ਪੰਜ ਵਜੇ ਅੰਮ੍ਰਿਤਸਰ ਨੂੰ ਉਸੇ ਹੀ ਜਾਣਾ ਹੈ...ਥਕਾਵਟ ਤਾਂ ਦੂਰ ਰਹੀ, ਰਾਤੀਂ ਵੀ ਢਾਈ-ਤਿੰਨ ਘੰਟੇ ਮਸਾਂ ਸੌਂ ਸਕਿਆ ਹੈ...ਸੋ ਇਹ ਕੁਝ ਕਾਰਨ ਹੁੰਦੇ ਹਨ ਜੋ ਡਰੈਵਰ ਨੂੰ ਥਕਾਵਟ ਮਾਰਨ ਵਾਸਤੇ ਪੀਣ ਵਾਲੇ ਪਾਸੇ ਤੋਰ ਲਿਜਾਂਦੇ ਹਨ। ਮੀਂਹ, ਹਨੇਰੀ, ਗਰਮੀ, ਸਰਦੀ ਵਿਚ, ਤੁਸੀਂ ਘਰੋਂ ਨਿਕਲੋ ਨਾ ਨਿਕਲੋ; ਉਸ ਸਟੇਰਿੰਗ ਤੇ ਬੈਠਾ ਹੀ ਹੋਣਾ ਹੈ। ਕਿਤੇ ਪਹਾੜੀ ਰਸਤੇ ਤੇ ਚਲਣਾ ਡਰੈਵਰ

ਵੇਖੋ...ਕਿੰਨੀ ਜੋਖਨ— ਜੋਖੋਂ ਨਾਲ ਗਡੀ ਚਲਾਉਣੀ ਪੈਂਦੀ ਹੈ —ਕਦਮ ਕਦਮ ਤੇ ਅੰਨੇ ਮੋੜ ਹੁੰਦੇ ਹਨ... ਹੋਰ ਤੇ ਹੋਰ ਡਰੈਵਰਾਂ ਕੋਲੋਂ ਅਕਸਰ 8 ਦੀ ਜਗ੍ਹਾ ਦਸ ਦਸ ਬਾਰਾਂ ਬਾਰਾਂ ਘੰਟੇ ਕੰਮ ਲਿਆ ਜਾਂਦਾ ਹੈ ਅਕਸਰ ਬਗੈਰ ਕਿਸੇ ਓਵਰ ਟਾਈਮ ਦੇ...ਉਨ੍ਹਾਂ ਦੀ ਅੱਠ ਘੰਟੇ "ਸਟੇਰਿੰਗ-ਡਿਊਟੀ" ਹੁੰਦੀ ਹੈ ਜਿਸਨੂੰ ਪੂਰਾ ਕਰਨ ਖਾਤਰ 10-11 ਘੰਟੇ ਕੰਮ ਕਰਨਾ ਪੈਂਦਾ ਹੈ।

## ਸੇਵਾ ਹਾਲਤਾਂ (Service Condition)

ਮਾੜੀਆਂ ਸੇਵਾ ਹਾਲਤਾਂ ਹੀ ਡਰੇਵਰਾਂ ਵਿਚ ਸ਼ਰਾਬ ਦੀ ਰੁੱਚੀ ਨੂੰ ਵਧਾਉਂਦੀਆਂ ਹਨ। ਅਜ ਜਦ ਸਧਾਰਣ ਰਾਜ ਮਿਸਤਰੀ ਵੀ 40 ਰੁਪਏ ਦਿਹਾੜੀ ਲੈ ਰਿਹਾ ਹੈ, ਟੈਕਨੀਕਲ ਸਖਤ ਕੰਮ ਕਰਨ ਵਾਲੇ ਡਰੈਵਰ ਨੂੰ ਮਸਾਂ 22-24 ਰੁਪਏ ਦਿਹਾੜੀ ਮਿਲਦੀ ਹੈ! ਹਾਂ, 50 ਰੁਪਏ ਉਸਨੂੰ 'ਕੋਠੀ' ਲੈਣ ਲਈ ਕਿਰਾਇਆ—ਭੱਤਾ ਜ਼ਰੂਰ ਮਿਲਦਾ ਹੈ। ਪਾ ਲਾ ਕੇ, ਸਮੇਤ ਓਵਰਟਾਈਮ ਕਿਸੇ ਕਿਸੇ ਡਰੇਵਰ ਨੂੰ ਹੀ 35 ਰੁਪਏ ਦਿਹਾੜੀ ਪੈਂਦੀ ਹੈ। 'ਫਟੀਕ' ਦਾ ਇਹ ਹਾਲ ਹੁੰਦਾ ਹੈ ਕਿ ਕਈ ਕਈ ਵੇਰ੍ਹਾਂ ਡਰੈਵਰਾਂ ਨੂੰ ਪਾਣੀ ਪੀਣ ਦਾ ਟਾਈਮ ਵੀ ਨਹੀਂ ਹੈ ਮਿਲਦਾ। ਹਾਲੇ ਸਮਾਣਿਉ ਮੁੜੇ ਨਹੀਂ ਹੁੰਦੇ ਕਿ ਚਲ ਮਲੇਰ ਕੋਟਲੇ...ਮਲੇਰਕੋਟਲੇ ਪੁੱਜੇ ਨਹੀਂ ਹੁੰਦੇ ਕਿ ਚਲ ਸਰਹਿੰਦ- ਖੰਨਾ- ਗੋਬਿੰਦਗੜ !! ਵੈਸੇ ਅਗਰ ਕੋਈ ਡਰੈਵਰ ਸ਼ਰਾਬ ਨਾ ਵੀ ਪੀਣੀ ਚਾਹੇ ਤਾਂ ਕੀ ਪੀਵੇ ...? ਦੁੱਧ ! ਸ਼ਕੰਜਵੀ !! ਕੱਚੀ ਲੱਸੀ !!!

ਕਰ ਦਿਤੀ ਜੇ ਨਾ ਗੱਲ 'ਪ੍ਰੋਫੈਸਰ ਬੁਚੀ ਜੀਵੇ' ਵਾਲੀ ! ਕਿਹੜੇ ਬੱਸ ਸਟੈਂਡ ਦੇ ਸਾਹਮਣੇ ਸ਼ੁਧ ਦੁੱਧ ਮਿਲਦਾ ਹੈ......? ਕਦੇ ਪੁੱਛ ਕੇ ਵੇਖਣਾ ਸ਼ੁਧ ਦੁੱਧ ਦਾ ਗਿਲਾਸ ਤਾਂ ਕੀ, ਅਗਰ ਦੁਕਾਨਦਾਰ ਤੁਹਾਨੂੰ ਅਸ਼ੁੱਧ ਦੁੱਧ ਦਾ ਕੱਪ ਵੀ ਖਿੜੇ ਮੱਥੇ ਦੇ ਜਾਣ . ਬਾਕੀ ਬੱਸ ਸਟੈਂਡਾਂ ਉਪਰ ਮਿਲਣ ਵਾਲੀ ਸਿਕੰਜਵੀ ਬਾਬਤ ਤਾਂ ਜਨਾਬ ਵੀ ਚੰਗੀ ਤਰ੍ਹਾਂ...ਹਾਂ, ਸ਼ਰਾਬ ਦਾ ਠੇਕਾ ਐਨ ਕਾਊਂਟਰ ਦੇ ਸਾਹਮਣੇ ਜ਼ਰੂਰ ਮਿਲ ਜਾਏਗਾ ਤੇ ਥਕਾਵਟ ਦੇ ਮਾਰੇ ਸਿੱਧਾ ਉਧਰ ਹੀ ਮੂੰਹ ਕਰ ਲੈਂਦੇ ਹਨ। ਭਾਵੇਂ ਡਰੈਵਰੀ-ਪੇਸ਼ਾ ਆਦਮੀ ਨੂੰ ਇਨਸਾਨ ਤੋਂ ਮਸ਼ੀਨ ਬਣਾ ਕੇ ਹੀ ਰਖ ਦਿੰਦਾ ਹੈ ਮਗਰ ਉਹਨਾਂ ਲਈ ਸਹੂਲਤਾਂ ਨਾ ਮਾਤਰ ਹੀ ਹਨ। ਜਿਸ ਰੋਡਵੇਜ਼ ਦੇ ਮੁਲਾਜ਼ਮ, ਸਰਕਾਰ ਨੂੰ ਹਰ ਸਾਲ 30-32 ਕਰੋੜ ਰੁਪਏ ਬਤੌਰ ਟੈਕਸ ਲਿਆ ਕੇ ਦਿੰਦੇ ਹਨ—ਉਨ੍ਹਾਂ ਦੀ ਬੇਹਤਰੀ ਖਾਤਰ ਸਰਕਾਰ ਕੋਲ ਕੋਈ ਪੈਸਾ ਨਹੀਂ ! ਜਿਨ੍ਹਾਂ ਹਨੇਰੇ-ਸਵੇਰੇ ਡਿਊਟੀ ਤੇ ਆਉਣਾ-ਜਾਣਾ ਹੁੰਦਾ ਹੈ—ਉਨ੍ਹਾਂ ਖਾਤਰ ਸਾਰੇ ਪੰਜਾਬ ਵਿਚ ਇਕ ਵੀ ਸਰਕਾਰੀ-ਕੁਆਰਟਰ ਨਹੀਂ ! ਹੋਰ ਤੇ ਹੋਰ, ਅਗਰ ਕਿਸੇ ਵੀ ਮਹਿਕਮੇ ਦਾ ਮੁਲਾਜ਼ਮ 58 ਸਾਲ ਤੋਂ ਪਹਿਲਾਂ ਪੂਰਾ ਹੋ ਜਾਏ, ਘਰ ਪੂਰਾ ਹੋ ਜਾਏ ਜਾਂ ਬਾਹਰ (ਕਾਰਨ ਭਾਵੇਂ ਕੋਈ ਵੀ ਹੋਵੇ) ਤਾਂ ਉਸਦੇ ਪਰਿਵਾਰ ਨੂੰ 5000 ਰੁਪਏ ਬਤੌਰ 'ਐਕਸ-ਗਰੇਸ਼ੀਆ' ਮਿਲਦੇ ਹਨ ਪਰ ਜਿਸ ਮਹਿਕਮੇ ਵਿਚ ਅਕਸਰ ਮੌਤਾਂ ਹੁੰਦੀਆਂ ਰਹਿੰਦੀਆਂ ਹਨ ਤੇ ਹੁੰਦੀਆਂ ਵੀ ਬਹੁਤ ਭਿਅੰਕਰ ਨੇ—ਉਥੇ ਪੰਜ ਪੈਸੇ ਵੀ ਸਰਕਾਰ ਵਲੋਂ ਨਹੀਂ ਹਨ ਦਿਤੇ ਜਾਂਦੇ—ਉਸੇ ਸਰਕਾਰ ਵਲੋਂ ਜੋ ਹਵਾਈ ਜਹਾਜ਼ ਵਿਚ ਮਰਨ ਵਾਲੇ ਨੂੰ ਦੋ ਲੱਖ ਦਿੰਦੀ ਹੈ !!!

## ਡਰੈਵਰਾਂ ਦੀ ਭਰਤੀ

ਅਜ ਕਲ ਵੇਖਣ ਵਿਚ ਆਇਆ ਹੈ ਕਿ ਅਕਸਰ ਸ਼ਿਫਾਰਸ਼ੀ ਡਰੈਵਰ ਭਰਤੀ ਕਰ ਲਏ ਜਾਂਦੇ ਹਨ ਜਿਨ੍ਹਾਂ ਨੂੰ ਕਦੇ ਕਾਰ ਚਲਾਈ ਨਹੀਂ ਹੁੰਦੀ, ਉਹ 'ਚਾਰ ਸੌ' ਖਰਚ ਕੇ ਹਿਮਾਚਲ/ਯੂ. ਪੀ. ਵਿਚ ਬੱਸ ਦਾ ਲਾਈਸੈਂਸ ਲੈ ਆਉਂਦੇ ਹਨ ਤੇ ਅਜਿਹੇ ਆਦਮੀ ਐਕਸੀਡੈਂਟ ਨਾ ਕਰਨਗੇ ਤਾਂ ਹੋਰ ਕੀ...

ਚਾਹੀਦਾ ਤਾਂ ਹੈ ਕਿ ਡਰੈਵਰ ਭਰਤੀ ਕਰਦੇ ਸਮੇਂ, ਉਸਦੇ ਸਾਰੇ ਮੁਢਲੇ ਸਰਟੀਫੀਕੇਟ ਚੈਕ ਕੀਤੇ ਜਾਣ— ਜਿਵੇਂ ਉਸਨੇ ਸਿਖਾਂਦਰੂ-ਲਾਈਸੈਂਸ (Learner's License) ਕਦੋਂ ਪ੍ਰਾਪਤ ਕੀਤਾ...? ਉਸਤੋਂ ਮਗਰੋਂ ਹਲਕੀਆਂ ਗੱਡੀਆਂ ਚਲਾਉਣ ਦਾ ਲਾਈਸੈਂਸ (Light Licence) ਕਦੋਂ ਪ੍ਰਾਪਤ ਕੀਤਾ ਤੇ ਫਿਰ ਕੀ ਲਾਈਟ ਦੇ ਸਾਲ ਮਗਰੋਂ ਹੈਵੀ ਲਾਈਸੈਂਸ ਪ੍ਰਾਪਤ ਕੀਤਾ ਹੈ ਜਾਂ ਕਿ ਟਰੈਕਟਰ ਤੋਂ ਉਠ ਕੇ ਹੀ ਸਿੱਧਾ ਟਰੱਕ (ਬੱਸ) ਦਾ ਲਾਈਸੈਂਸ ਲੈ ਆਇਆ ਹੈ।

## ਵਰਕਸ਼ਾਪ ਸਟਾਫ ਬਾਬਤ

ਅਜ ਕਲ ਵਰਕਸ਼ਾਪ ਸਟਾਫ ਭਰਤੀ ਕਰਦੇ ਸਮੇਂ ਵੀ, ਕਿਸੇ ਤਕਨੀਕੀ ਯੋਗਤਾ ਜਾਂ ਤਜਰਬੇ ਵਲ ਧਿਆਨ ਨਹੀਂ ਹੈ ਦਿਤਾ ਜਾ ਰਿਹਾ। ਸ਼ਿਫਾਰਸ਼ੀ ਭਰਤੀ ਹੋ ਰਹੇ ਹਨ ਜੋ ਕੰਮ ਵਲੋਂ ਕੋਰੇ ਹੀ ਹੁੰਦੇ ਹਨ। ਹੁਣ ਜਿਸਨੂੰ ਇਨ੍ਹਾਂ ਵੀ ਨਹੀਂ ਪਤਾ ਕਿ ਬਸ ਦਾ ਟਾਇਰ ਕਸਦੇ ਸਮੇਂ, ਕਿਨੀ ਕੁ 'ਪਲੇ' (ਢਿਲ) ਛਡਣੀ ਹੈ—ਉਸਦਾ ਕਸਿਆ ਟਾਇਰ ਕਿਸੇ ਵਕਤ ਵੀ ਐਕਸੀਡੈਂਟ ਦਾ ਕਾਰਨ ਬਣ ਸਕਦਾ ਹੈ। ਵੈਸੇ ਵੀ ਵੇਖਿਆ ਗਿਆ ਹੈ ਕਿ ਵਰਕਸ਼ਾਪ ਸਟਾਫ ਦੀ ਭਾਰੀ ਕਮੀ ਹੈ। ਹੈਲਪਰ ਅਤੇ ਸਹਾਇਕ ਮਕੈਨਕ ਰਲਕੇ ਫਿੱਟਰਾਂ, ਮਕੈਨਕਾਂ, ਮਿਸਤਰੀਆਂ ਦਾ ਕੰਮ ਕਰ ਰਹੇ ਹਨ ਅਤੇ ਸ਼ਿਫਾਰਸ਼ੀ ਭਰਤੀ ਕੀਤੇ ਫਿੱਟਰ/ਮਕੈਨਿਕ/ਮਿਸਤਰੀ ਧੁੱਪ ਸੇਕ ਰਹੇ ਹਨ ਜਾਂ ਅਫਸਰਾਂ ਦੇ ਘਰੀਂ ਕੁਝ ਸਵਾਰਨ ਵਿਚ ਰੁਝੇ ਹੋਏ ਹਨ।

ਉਂਜ ਕੰਮ-ਹਾਲਤਾਂ ਇਥੇ ਵੀ ਬਹੁਤ ਮਾੜੀਆਂ

ਹਨ। ਵਰਕਸ਼ਾਪਾਂ ਵਿਚ ਸਫਾਈ ਦਾ ਕਿਤੇ ਨਾਂਉਂ ਨਿਸ਼ਾਨ ਨਹੀਂ। ਜਗ੍ਹਾ ਜਗ੍ਹਾ ਕਾਲਾ ਤੇਲ ਹੀ ਤੇਲ ਵਖਾਈ ਦਿੰਦਾ ਹੈ। ਕੂੜੇ ਕਰਕਚ, ਗੈਸਕਟ ਦੇ ਟੁੱਕੜੇ, ਤਾਰਾਂ, ਪਾਟੇ ਟਾਇਰ ਅਜਿਹੀ ਸੜਾਂਦ ਪੈਦਾ ਕਰਦੇ ਹਨ ਕਿ ਚੰਗੇ ਭਲੇ ਆਦਮੀ ਲਈ ਟਿਕ ਕੇ ਕੰਮ ਕਰਨਾ ਵੀ ਮੁਹਾਲ ਨਹੀਂ ਹੁੰਦਾ ਡਰੈਵਰਾਂ ਵਾਂਗੂ, ਹੈਲਪਰਾਂ/ਕਲੀਨਰਾਂ/ ਸਹਾਇਕ ਮਕੈਨਕਾਂ ਵਗੈਰਾ ਦੀ ਤਨਖ਼ਾਹ ਮਸਾਂ 14–15 ਰੁਪਏ ਦਿਹਾੜੀ ਬੈਠਦੀ ਹੈ ਜੋ ਇਕ ਸਧਾਰਣ ਮਜਦੂਰ ਨਾਲੋਂ ਵੀ ਘਟ ਹੈ। ਚੰਗੇ ਕੰਮ ਲਈ ਕੋਈ ਇਨਸੈਨਟਿਵ ਨਹੀਂ। ਐਕਸੀਡੈਂਟਾ ਨੂੰ ਰੋਕਣ ਖ਼ਾਤਰ ਵਰਕਸ਼ਾਪਾਂ ਅਤੇ ਵਰਕਸ਼ਾਪ ਸਟਾਫ ਵਲ ਪੂਰੀ ਤਵੱਜੋ ਦੇਣੀ ਜਰੂਰੀ ਹੈ।

## ਰਲਾਂ ਹੀ ਇਕੋ-ਇਕ ਹਲ ਹਨ

ਸੰਖੇਪ ਵਿਚ ਸਮਝਣ ਵਾਸਤੇ ਆਪਾਂ ਚੰਡੀਗੜ੍ਹ–ਸ਼ਿਮਲਾ ਦਾ ਕੇਸ ਹੀ ਲੈ ਲੈਂਦੇ ਹਾਂ। ਸਾਰੀ ਦਿਹਾੜੀ ਵਿਚ ਬੱਸਾਂ ਤਾਂ ਬੇਸ਼ੱਕ ਸੌ ਤੋਂ ਉਪਰ ਸ਼ਿਮਲੇ ਨੂੰ ਜਾਂਦੀਆਂ ਹਨ ਮਗਰ ਗਡੀਆਂ ਕੇਵਲ ਦੋ ਹੀ ਜਾਂਦੀਆਂ ਹਨ ਅਤੇ ਬੱਸ ਜਦੋਂ 4 ਘੰਟੇ ਵਿਚ ਸ਼ਿਮਲੇ ਪੁਚਾ ਦਿੰਦੀ ਹੈ, ਗੱਡੀ 7–8 ਘੰਟਿਆਂ ਤੋਂ ਪਹਿਲਾਂ ਪਾਰ ਨਹੀਂ ਹੈ ਲਾਉਂਦੀ। ਢਾਈ-ਤਿੰਨ ਸੌ ਖਤਰਨਾਕ ਮੋੜ ਇਸ ਰਸਤੇ ਵਿਚ ਆਉਂਦੇ ਹਨ ਪਰ ਫਿਰ ਵੀ ਸਾਰਾ ਜ਼ੋਰ ਬੱਸਾਂ, ਕਾਰਾਂ/ ਟੈਕਸੀਆਂ ਉਪਰ ਹੀ ਦਿਤਾ ਜਾ ਰਿਹਾ ਹੈ। ਅਗਰ ਥੋੜੀ ਜਿਹੀ ਸਿਆਣਪ ਅਤੇ ਪਲੈਨਿੰਗ ਤੋਂ ਕੰਮ ਲਿਆ ਜਾਏ ਤਾਂ 2 ਦੀ ਜਗ੍ਹਾ 12 ਗੱਡੀਆਂ ਵੀ ਉਸੇ ਹੀ ਲਾਈਨ ਤੇ ਚਲਾਈਆਂ ਜਾ ਸਕਦੀਆਂ ਹਨ। ਅਗਰ ਬੱਸ 4 ਘੰਟੇ ਵਿਚ ਸ਼ਿਮਲੇ ਪੁੱਚਾਂਦੀ ਹੈ ਤਾਂ ਗੱਡੀ 3 ਘੰਟਿਆਂ ਵਿਚ ਵੀ ਪੁਚਾ ਸਕਦੀ ਹੈ ਮਗਰ ਬੱਸਾਂ ਟਰੱਕਾਂ ਦੀ ਜਗ੍ਹਾ ਰੇਲਾਂ ਨੂੰ ਤਰਜ਼ੀਹ ਦਿਤੀ ਜਾਣ ਲਗ ਪਈ ਤਾਂ ਫਿਰ ਟਾਟਾ ਰਾਮ ਹੋਰੀਂ ਕੀ ਛੋਲੇ ਵੇਚਣਗੇ...?? ਰਿਜ਼ਰਵ ਬੈਂਕ ਆਫ ਇੰਡੀਆਂ ਅਤੇ ਪਲੈਨਿੰਗ ਕਮਿਸ਼ਨ ਰਾਹੀਂ; ਟਾਟਾ-ਮੋਦੀ-ਕ੍ਰਿਲੋਸਕਰ ਕਦੇ ਵੀ ਹਿੰਦੁਸਤਾਨੀ ਰੇਲ ਨੂੰ ਤਰੱਕੀ ਨਹੀਂ ਕਰਨ ਦੇਣਗੇ! ਅਗਰ ਅੰਮ੍ਰਿਤਸਰ-ਦਿੱਲੀ ਵਿਚੱਕਾਰ ਦੋ ਗੱਡੀਆਂ ਸਵੇਰੇ ਅਤੇ ਦੋ ਸ਼ਾਮੋ ਹੋਰ ਚਲਾ ਦਿਤੀਆਂ ਜਾਣ ਤਾਂ ਜੀ. ਟੀ. ਰੋਡ ਉਪਰ ਅੱਧਾ ਰਸ਼ ਹੀ ਰਹਿ ਜਾਏ। ਪਰ ਗੱਡੀਆਂ ਐਸੀਆਂ ਹੋਣ ਜੋ 4 ਘੰਟਿਆਂ ਵਿਚ ਦਿੱਲੀ ਤੋਂ ਅੰਮ੍ਰਿਤਸਰ ਜਾਂ ਅੰਮ੍ਰਿਤਸਰ ਤੋਂ ਦਿੱਲੀ ਜਰੂਰ ਲਾ ਦੇਣ!! ਦਿੱਲੀ ਮਦਰਾਸ, ਦਿੱਲੀ-ਕਲਕੱਤੇ, ਦਿੱਲੀ ਬੰਬਈ ਵਿਚਕਾਰ ਅਜਿਹੀਆਂ ਗੱਡੀਆਂ ਚੱਲ ਵੀ ਰਹੀਆਂ ਹਨ। ਬੱਸਾਂ ਵਿੱਚੋਂ ਰਸ਼ ਹੀ ਨਹੀਂ ਘਟੇਗਾ ਸਗੋਂ ਪੈਟ੍ਰੋਲ ਵਰਗੀ ਅਤੀ ਕੀਮਤੀ ਸ਼ੈਅ ਵਿਚ ਵੀ 80% ਬੱਚਤ ਹੋਵੇਗੀ ਜਿਸ ਖ਼ਾਤਰ ਅਜ ਹਿੰਦੁਸਤਾਨ ਦਾ ਸਭ ਕੁਝ (ਪਟਸਨ-ਚਾਹ, ਰੇਸ਼ਮ-ਕਪਾਹ, ਲੋਹਾ ਅਤੇ ਸੀਮੈਂਟ, ਅੰਬ-ਅੰਗੂਰ, ਬਾਂਦਰ-ਲਗੂੰਰ ਵਗੈਰਾ ਵਗੈਰਾ) ਜਹਾਜ਼ਾਂ ਦੇ ਜਹਾਜ਼ ਭਰ ਭਰ ਕੇ ਬਾਹਰ ਭੇਜਣਾ ਪੈ ਰਿਹਾ ਹੈ!! ਅੰਮ੍ਰਿਤਸਰ-ਪਠਾਨਕੋਟ, ਅੰਬਾਲਾ-ਫ਼ਿਰੋਜ਼ਪੁਰ, ਸਰਹਿੰਦ-ਨੰਗਲ, ਅੰਮ੍ਰਿਤਸਰ-ਫ਼ਿਰੋਜ਼ਪੁਰ ਵਰਗੇ ਸੈਂਕੜੇ ਐਸੇ ਰੇਲਵੇ ਰੂਟ ਹਨ, ਜਿਨ੍ਹਾਂ ਦੀ ਸਮਰਥਾ ਦਾ ਪੂਰਾ ਫਾਇਦਾ ਨਹੀਂ ਉਠਾਇਆ ਜਾ ਰਿਹਾ ਹੈ।

## ਕਾਰਾਂ ਦੀ ਜਗ੍ਹਾ ਡੀਲੈਕਸ

ਅਜ ਦੇਸ਼ ਦੀ ਅਫਸਰਸ਼ਾਹੀ, ਨੇਤਾਗਿਰੀ ਅਤੇ ਸਰਮਾਏਦਾਰੀ ਖ਼ਰੂਰ, ਅੰਨ੍ਹੇਵਾਹ, ਕਾਰਾਂ ਹੀ ਕਾਰਾਂ ਖ਼ਰੀਦੀਆਂ ਜਾ ਰਹੀਆਂ ਹਨ।

ਬਹੁਤ ਚੰਗਾ ਹੋਵੇ ਅਗਰ ਟੈਕਸੀਆਂ/ਕਾਰਾਂ ਦੀ ਜਗ੍ਹਾ ਡੀਲੈਕਸ ਸੁਪਰਫਾਸਟ (ਨਾਨ ਸਟਾਪ) ਬੱਸਾਂ ਦੀ ਵਰਤੋਂ ਨੂੰ ਹਲਾਸ਼ੇਰੀ ਦਿਤੀ ਜਾਏ ਤਾਂ ਵੀ ਪੈਟਰੋਲ ਦੀ ਬਚਤ ਤੋਂ ਇਲਾਵਾ ਸੜਕਾਂ ਉੱਪਰ ਰਸ਼ ਨੂੰ ਸੀਮਤ ਕੀਤਾ ਜਾ ਸਕਦਾ ਹੈ। ਮਗਰ ਹੋ ਉਲਟ ਹੀ ਰਿਹਾ ਹੈ। ਦਿਨ-ਬ-ਦਿਨ ਬੱਸਾਂ ਦੀ ਜਗ੍ਹਾ ਕਾਰਾਂ ਅਤੇ ਰੇਲਾਂ ਦੀ ਜਗ੍ਹਾ ਬੱਸਾਂ/ਟਰੱਕਾਂ ਨੂੰ ਤਰਜੀਹ ਦਿਤੀ ਜਾ ਰਹੀ ਹੈ—ਨਤੀਜੇ ਵਜੋਂ ਐਕਸੀਡੈਂਟ ਵੀ ਆਏ ਦਿਨ ਵਧਦੇ ਹੀ ਤੁਰੇ ਜਾਂ ਰਹੇ ਹਨ।

| ਸਾਲ | ਰੇਲਾਂ ਰਾਹੀਂ ਢੋਆ-ਢੁਆਈ | ਸੜਕਾਂ ਰਾਹੀਂ |
|---|---|---|
| 1 61 | 84% | 16% |
| 1966 | 77% | 23% |
| 1981 | 60% | 40% |

ਵੇਖੋ ਅੰਕੜਾਸਾਰ ਇੰਡੀਆ–1980 ਸਫਾ 361

## ਦੋ ਸ਼ਬਦ ਸਮਾਜਵਾਦੀ ਦੇਸ਼ਾਂ ਬਾਰੇ

(ੳ) ਮੇਰਾ ਇਕ ਨਜ਼ਦੀਕੀ ਰਿਸ਼ਤੇਦਾਰ ਏਅਰ ਫੋਰਸ ਵਿਚ ਵੱਡੇ ਅਹੁਦੇ ਤੇ ਹੈ। ਇਕ ਵੇਰਾਂ ਉਹ ਐਮਬਾਸੀ ਰਾਹੀਂ ਰੂਸ ਗਿਆ। ਉਸ ਦਸਿਆ ਕਿ ਉਥੇ ਵੱਡੇ ਵੱਡੇ ਅਫਸਰਾਂ ਕੋਲ ਵੀ ਕਾਰਾਂ ਨਹੀਂ ਹਨ ਮਗਰ ਬੱਸਾਂ ਸੁਹਣੀਆਂ ਹਨ ਅਤੇ ਬੱਸ ਸੇਵਾ ਵੀ ਪੰਜ ਮਿੰਟ ਦੀ ਹੈ। ਬਾਕੀ ਬਹੁਤੀ ਪਬਲਿਕ ਅੰਡਰ ਗਰਾਊਂਡ ਰੇਲ ਗੱਡੀਆਂ ਰਾਹੀਂ ਆਉਂਦੀ ਜਾਂਦੀ ਹੈ।

(ਅ) ਸੁਨਣ ਵਿਚ ਆਇਆ ਹੈ ਕਿ ਚੀਨ ਦੇ ਹਵਾਈ ਅੱਡਿਆਂ ਉੱਪਰ ਵੀ ਬਹੁਤੀਆਂ ਟੈਕਸੀਆਂ ਨਹੀਂ ਹਨ ਵਖਾਈ ਦਿੰਦੀਆਂ ਮਗਰ ਗੱਡੀਆਂ ਮੋਟਰਾਂ ਦੀ ਕੋਈ ਕਮੀ ਨਹੀਂ।

(ੲ) ਪੋਲੈਂਡ ਵਿਚ ਵੀ ਚਾਹੇ ਰਾਤ ਦੇ 12 ਵਜੇ ਹੋਣ ਅਤੇ ਤੁਸੀਂ ਭਾਵੇਂ ਇਕੱਲੇ ਹੀ ਹੋ, ਪਰ ਟੈਲੀਫੂਨ ਕਰਨ ਤੇ ਤੁਹਾਨੂੰ ਟਰਾਮ ਲੈਣ ਝੱਟ ਆ ਜਾਏਗੀ।

(ਸ) ਸਵ: ਬਲੋਰਾਜ ਸਾਹਨੀ ਜੀ ਨੇ ਆਪਣੇ

ਰੂਸੀ ਸੈਫ਼ਰਨਾਮੇ ਵਿਚ ਲਿਖਦੇ ਹਨ ਕਿ ਰੂਸ ਵਿਚ ਬੱਸਾਂ ਵਿਚ ਕੰਡਕਟਰ ਕਦੀ ਨਹੀਂ ਹੁੰਦੇ। ਟਿਕਟਾਂ ਬਾਰੀਂ ਲਾਗੇ ਬਧੀਆਂ ਹੁੰਦੀਆਂ ਹਨ ਬਸ 5 ਕੂਪੇਕ ਪਾਉ ਤੇ ਇਕ ਪਰਚੀ ਖਿੱਚ ਕੇ ਪਾੜ ਸੁਟੋ ਤੇ ਭਾਵੇਂ 50 ਮੀਲ ਸਫਰ ਕਰ ਲਉ।

## ਹਲ ਕੀ ਹੈ...?

ਹਲ ਲੱਭਣ ਤੋਂ ਪਹਿਲਾਂ ਸੰਖੇਪ ਵਿਚ ਐਕਸੀਡੈਂਟਾਂ ਦੇ ਕਾਰਣਾਂ ਤੇ ਨਜ਼ਰ ਮਾਰ ਲਈਏ ਕਿਉਂਕਿ ਜਦ ਤੀਕ ਬੀਮਾਰੀ ਦੀ ਜੜ੍ਹ ਨਾ ਪਤਾ ਹੋਵੇ, ਸਹੀ ਇਲਾਜ ਨਹੀਂ ਲਭ ਸਕਦਾ...? ਮੇਰੀ ਸੂਝ ਮੁਤਾਬਕ, ਐਕਸੀਡੈਂਟਾਂ ਦੇ ਹੇਠ ਲਿਖੇ ਦੋਸ਼ੀ ਹਨ :

| | |
|---|---|
| ਭੈੜੀਆਂ ਸੜਕਾਂ | 50% |
| ਮਿਕਸਡ ਟਰੈਫਿਕ | 10% |
| ਨਾਕਸ ਗੱਡੀਆਂ | 10% |
| ਓਵਰ ਲੋਡਿੰਗ-ਫਟੀਕ | 10% |
| ਕੁਰੱਪਟ-ਅਫਸਰ | 10% |
| ਦੋਸ਼ੀ ਡਰੈਵਰ | 5% |
| ਮੀਂਹ-ਹਨੇਰੀ-ਚਿੱਕੜ | 3% |
| ਫੁਟਕਲ ਕਾਰਨ | 2% |
| ਜੋੜ | 100% |

ਨੋਟ : ਤੁਹਾਡੇ ਵਿਚਾਰ ਜੇ ਮੇਰੇ ਨਾਲੋਂ ਭਿੰਨ ਹੋਣ ਤਾਂ ਬੜੀ ਖੁਸ਼ੀ ਨਾਲ 'ਸਮਤਾ' ਜਾਂ ਸਿੱਧੇ ਤੌਰ ਤੇ ਸਾਂਝੇ ਕਰੋ। ਅਕਸਰ ਅਸੀਂ ਵੇਖਦੇ ਹਾਂ ਕਿ ਟਰੱਕ ਵਾਲੇ ਜ਼ਰਾਂ ਵੀ ਪਹੀਆ ਹੇਠਾਂ ਨਹੀਂ ਕਰਦੇ। ਪਰ ਕਿਉ...? ਉਨ੍ਹਾਂ ਦੇ ਅਜਿਹਾ ਕਰਨ ਵਿਚ ਇਕ ਕਾਰਣ ਇਹ ਵੀ ਹੁੰਦਾ ਹੈ ਕਿ 400 ਮਣ ਭਾਰ ਨਾਲ ਲੱਦੀ, 200 ਮਣ ਆਪਣਾ ਭਾਰ ਸੰਭਾਲੀ ਤੁਰੀ ਆਉਣ ਵਾਲੀ ਗੱਡੀ ਦਾ ਟਾਇਰ ਅਗਰ ਛੇ ਇੰਚ ਡੂੰਘੇ ਟੋਏ ਵਿਚ ਪੈ ਗਿਆ ਤਾਂ ਟਰੱਕ ਉਲਟਨੋਂ ਕਿਵੇਂ ਵੀ ਨਹੀਂ ਬਚ ਸਕਦਾ...ਅਤੇ ਆਪਣੀਆਂ ਸੜਕਾਂ ਦੇ ਕਿਨਾਰੇ ਤਾਂ ਸੁੱਖੀ ਸਾਂਦੀ ਡੂਢ ਡੂਢ ਫੁੱਟ ਡੂੰਘੇ ਟੋਏ ਵੀ ਮਿਲ ਜਾਣਗੇ...??

ਬਾਕੀ ਡਰੈਵਰਾਂ ਦੀ ਅਨਪੜ੍ਹਤਾ, ਉਨ੍ਹਾਂ ਵਿਚ ਪ੍ਰਚੱਲਤ ਨਸ਼ੇ ਵੀ ਲਾਪਰਵਾਹੀ ਲਈ ਜ਼ੰਮੇਂਵਾਰ ਹਨ। ਕਈ ਵੇਰਾਂ ਇੰਜ ਵੀ ਹੁੰਦਾ ਹੈ ਅੰਮ੍ਰਿਤਸਰੋਂ ਦਿੱਲੀ ਨੂੰ ਸਬਜ਼ੀ ਜਾਂ ਸ਼ਿਮਲੇ ਤੋਂ ਦਿੱਲੀ ਲਈ ਸ਼ਿਮਲਾ ਮਿਰਚ ਜਾ ਰਹੀ ਹੁੰਦੀ ਹੈ। ਲਾਲਾ ਸੌ ਦਾ ਨੋਟ ਡਰੈਵਰ ਦੀ ਜੇਬ੍ਹ ਵਿਚ ਠੋਸੇਗਾ ਤਾਂ ਜੁ ਉਹ ਗੱਡੀ ਤੜਕੇ ਤੋਂ ਪਹਿਲਾਂ ਜਾ ਸਬਜ਼ੀ ਮੰਡੀ (ਦਿੱਲੀ) ਲਾ ਦੇਵੇ ਅਤੇ ਉਸ ਦੇ ਮਾਲ ਦੇ ਵਧੇਰੇ ਤੋਂ ਵਧੇਰੇ ਪੈਸੇ ਵੱਟੇ ਜਾ ਸਕਣ... ਨਤੀਜਾ ਇਹ ਹੁੰਦਾ ਹੈ ਕਿ ਭਾਰੀ ਟਰੈਫ਼ਿਕ, ਮਾੜੀ ਸੜਕ (ਰੌਸ਼ਨੀ ਨਾ-ਮਾਤਰ) ਬਾਣੀ ਗਡੀ ਅਗੇ ਕਢਣੀ ਪੈਂਦੀ ਹੈ—ਉਸ ਵਕਤ ਵੀ ਡਰੈਵਰ ਪਊਆ ਅੰਦਰ ਸੱਟ ਕੇ ਦੱਬ ਦਿੰਦੇ ਹਨ ਸਟੇਰਿੰਗ। ਹੁਣ ਦੋਸ਼ੀ ਕੌਣ ਹੈ—ਇਸਦਾ ਫੈਸਲਾ ਤੁਸੀਂ ਖੁਦ ਕਰ ਸਕਦੇ ਹੋ...

ਨਾਲੇ ਜਿਥੇ ਚੌਤੀ ਪ੍ਰਕਾਰ ਦੀ ਟਰੈਫਿਕ ਹੋਵੇ—ਪੈਦਲ, ਸਾਈਕਲ-ਸਵਾਰ, ਟੈਂਪੂ-ਟਰੈਕ, ਸਕੂਟਰ-ਮੋਟਰ ਸਾਈਕਲ, ਰਿਕਸ਼ੇ-ਟਾਂਗੇ, ਕਾਰਾਂ-ਮੋਟਰਾਂ, ਢੀਂਢਸਾ ਟਰਾਂਸਪੋਰਟ ਦੀਆਂ ਗੱਡੀਆਂ, ਢੀਂਡਸਾ ਟਰਾਂਸਪੋਰਟ ਉਹਨਾਂ ਠੇਲ੍ਹਿਆਂ ਨੂੰ (ਪਟਿਆਲੇ ਦੇ ਇਲਾਕੇ ਵਿਚ) ਕਿਹਾ ਜਾਂਦਾ ਹੈ ਜੋ ਪੀਟਰ-ਇੰਜਣ ਗੱਡੇ ਤੇ ਜੋੜਕੇ ਬਣਾਏ ਜਾਂਦੇ ਹਨ, ਟਰੈਕਟਰ ਤੇ ਟਰੱਕ ਸਭ ਇਕੋ ਰਸਤੇ (Lane) ਤੇ ਚਲਦੇ ਹਨ, ਜਿਸ ਬਦੌਲਤ ਐਕਸੀਡੈਂਟ ਨਾ ਹੋਣ ਤੇ ਹੋਰ ਕੀ ਹੋਵੇ . ???

ਚਾਹੀਦਾ ਕੀ ਹੈ...(ੳ) ਚਾਹੀਦਾ ਤਾਂ ਹੈ ਕਿ ਜੇ ਬਹੁਤਾ ਨਹੀਂ ਤਾਂ ਸਾਡੇ ਮੁੱਖ-ਮਾਰਗ ਤੇ ਛੇ-ਰਸਤੇ ਜ਼ਰੂਰ ਹੋਣ (Six Lanes) ਤਿੰਨ ਆਉਣ ਵਾਸਤੇ ਤੇ ਤਿੰਨ ਜਾਣ ਵਾਸਤੇ! ਇਕ ਰਸਤੇ ਉਪਰ ਕੇਵਲ ਪੈਦਲ ਅਤੇ ਸਾਈਕਲ ਸਵਾਰ ਹੀ ਚਲਣ ਜਾਂ ਹੋਰ ਹੌਲੀ ਚਲਣ ਵਾਲੀਆਂ ਗਡੀਆਂ ਜਿਵੇਂ ਰਿਕਸ਼ੇ, ਟਾਂਗੇ, ਰੇੜੇ, ਗੱਡੇ ਆਦਿ। ਦੂਜੇ ਰਸਤੇ ਉਪਰ ਹਲਕੀਆਂ ਗੱਡੀਆਂ (Light Vehicles) ਹੀ ਚਲਣ ਮਸਲਨ ਸਕੂਟਰ/ਮੋਟਰ ਸਾਈਕਲ/ਕਾਰਾਂ/ਟਰੈਕਟਰ ਆਦਿ ਅਤੇ ਤੀਜੇ ਰਸਤੇ ਉਪਰ ਭਾਰੀਆਂ ਗੱਡੀਆਂ ਜਿਵੇਂ ਮੋਟਰਾਂ/ਟਰੱਕ/ਮਿਲਟਰੀ ਗੱਡੀਆਂ ਵਗੈਰਾ ਲੰਘਿਆ ਕਰਨ !! ਇਸ ਤਰ੍ਹਾਂ ਅਕਸੀਡੈਂਟਾਂ ਵਿਚ ਬਹੁਤ ਭਾਰੀ ਘਾਟਾ ਲਿਆ ਸਕਦੇ ਹਾਂ। ਤਮਾਮ ਸਮਾਜਵਾਦੀ ਅਤੇ ਹੋਰ ਵਿਕਸਤ ਯੂਰਪੀਅਨ ਦੇਸ਼ਾਂ ਵਿਚ, ਲੋੜ ਮੁਤਾਬਕ, ਇਸ ਤਰ੍ਹਾਂ ਵਖਰੇਵਾਂ (Segregarion) ਕੀਤੀ ਹੋਈ ਹੁੰਦੀ ਹੈ। (ਅ) ਇੰਜ ਵੀ ਕੀਤਾ ਜਾ ਸਕਦਾ ਹੈ ਕਿ ਟਰੱਕ ਕੇਵਲ ਰਾਤ ਦੇ ਵਕਤ ਹੀ ਚਲਿਆ ਕਰਨ ਅਤੇ ਸਵੇਰੇ ਰੈਸਟ ਕਰਿਆ ਕਰਨ ਇਸ ਨਾਲ ਵੀ ਕਾਫੀ ਮਾਤਰਾ ਵਿਚ ਐਕਸੀਡੈਂਟ ਘਟਾਏ ਜਾ ਸਕਦੇ ਹਨ (ੲ) ਆਉਣ ਅਤੇ ਜਾਣ ਵਾਲੀਆਂ ਪਟੜੀਆਂ ਵਿਚਕਾਰ ਤਿੰਨ ਫੁੱਟ ਚੋੜੀ, ਉੱਚੀ ਪਟੜੀ ਬਣਾ ਦੇਣੀ ਚਾਹੀਦੀ ਹੈ—ਇਸ ਨਾਲ ਸਾਹਮਣੀ ਟੱਕਰ (Head on Collusion) ਜੋ ਸਭ ਤੋਂ ਭਿਅੰਕਰ ਕਿਸਮ ਦਾ ਐਕਸੀਡੈਂਟ ਹੁੰਦਾ ਹੈ—ਤੋਂ ਬਚਿਆ ਜਾ ਸਕਦਾ ਹੈ।

(ਸ) ਅਜ ਅਸੀਂ ਸਾਰਾ ਜ਼ੋਰ ਕਾਰਾਂ-ਹਵਾਈ ਜਹਾਜ਼ਾਂ ਤੇ ਲਾ ਰਹੇ ਹਾਂ-ਇਸਦੇ ਬਾਵਯੂਦ ਕਿ ਹਵਾਈ-ਕੰਪਨੀਆਂ ਲਗਾਤਾਰ ਘਾਟੇ ਵਿਚ ਹੀ ਜਾ ਰਹੀਆਂ ਹਨ (ਹਵਾਈ ਕੰਪਨੀਆਂ ਤੋਂ ਸਲਾਨਾ ਆਮਦਨ (ਟੈਕਸ)

ਕਦੇ 100 ਕਰੋੜ ਵੀ ਨਹੀਂ ਹੋ ਹੁੰਦੀ ਜਦੋਂ ਕਿ ਸੜਕ-ਗੱਡੀਆਂ ਤੋਂ ਕੇਂਦਰੀ ਅਤੇ ਸੂਬਾ ਸਰਕਾਰਾਂ ਨੂੰ 2000 ਕਰੋੜ ਤੋਂ ਵਧ ਆਮਦਨ ਹੋ ਰਹੀ ਹੈ)... ਬਹੁਤ ਚੰਗਾ ਹੋਵੇਗਾ ਅਗਰ ਆਉਣ ਵਾਲੇ ਦਸ ਸਾਲਾਂ ਦੂਰਾਨ, ਸਰਕਾਰ ਕਾਰਾਂ ਅਤੇ ਜਹਾਜ਼ਾਂ ਦੀ ਜਗ੍ਹਾ ਸੜਕਾਂ ਅਤੇ ਬੱਸਾਂ ਵਲ ਧਿਆਨ ਦੇਵੇ। ਹਵਾਈ ਅੱਡੇ ਅਤੇ ਹੋਟਲ ਬਨਾਉਣ ਦੀ ਜਗ੍ਹਾ, ਬਸ ਸਟੈਂਡ ਅਤੇ ਹੋਟਲ ਬਨਾਉਣ ਦੀ ਜਗ੍ਹਾ,ਬਸ ਸਟੈਂਡ ਅਤੇ ਉਨ੍ਹਾਂ ਦੇ ਨਜ਼ਦੀਕ ਜੰਤਕ—ਅਰਾਮ ਘਰ—ਬਣਾਵੇ ਜਿਥੇ ਮੁਸਾਫਰਾਂ ਨੂੰ ਪੰਜ-ਦਸ ਰੁਪਏ ਤੇ ਕਮਰਾ ਜਾਂ ਮੰਜਾ ਪ੍ਰਾਪਤ ਹੋ ਜਾਵੇ। ਡਰੈਵਰਾਂ-ਕੰਡਕਟਰਾਂ ਵਾਸਤੇ ਵੀ ਸਰਕਾਰ ਨੂੰ ਵਿਸ਼ੇਸ਼-ਅਰਾਮ-ਘਰ ਬਨਾਉਣੇ ਚਾਹੀਦੇ ਹਨ ਜਿਥੇ ਸਾਫ-ਸੁਥਰੇ ਮੰਜੇ-ਬਿਸਤਰੇ, ਫਲੱਸ਼, ਬਾਥਰੂਮ ਬਿਜਲੀ-ਪੱਖੇ ਆਦਿ ਦਾ ਪ੍ਰਬੰਧ ਹੋਵੇ। ਇਸਤੋਂ ਇਲਾਵਾ ਵਾਜਬ ਦਰਾਂ ਤੇ ਕੰਟੀਨ ਆਦਿ ਦਾ ਵੀ ਪ੍ਰਬੰਧ ਹੋਵੇ ਤਾਂ ਜੁ ਨਹਾ-ਧੋ ਕੇ, ਚਾਹ-ਪਾਣੀ ਪੀ ਕੇ ਅਰਾਮ ਨਾਲ ਡਰੈਵਰ ਗਡੀ ਚਲਾ ਸਕਣ। ਤੰਦਰੁਸਤ-ਸਾਫ ਸੁਥਰੇ ਡਰੈਵਰ ਹੀ, ਸੁਥਰੀ ਡਰੈਵਰੀ ਕਰ ਸਕਦੇ ਹਨ। ਕਾਰਾਂ/ਜਹਾਜ਼ਾਂ ਦੀ ਜਗ੍ਹਾ ਵਧੇਰੇ ਨਵੀਆਂ ਬੱਸਾਂ ਆਉਣ ਨਾਲ ਜਿਥੇ ਸੜਕਾਂ ਤੋਂ ਫਜ਼ੂਲ ਦੀ ਭੀੜ (ਕਾਰਾਂ ਆਦਿ ਦੀ) ਘਟ ਹੋਵੇਗੀ ਉਥੇ ਬੇਹਤਰ ਬੱਸਾਂ ਆ ਜਾਣ ਕਾਰਨ, ਐਕਸੀਡੈਂਟ ਹੋਰ ਵੀ ਘਟ ਜਾਣਗੇ। ਬੱਸਾਂ ਵਿਚੋਂ ਓਵਰ ਲੋਡਿੰਗ ਘਟਣ ਨਾਲ ਵੀ ਐਕਸੀਡੈਂਟਾਂ ਵਿਚ ਚੋਖੀ ਕਮੀ ਆਵੇਗੀ। ਅਕਸਰ ਵੇਖਣ ਵਿਚ ਆਇਆ ਹੈ ਕਿ ਭੀੜਿਆਂ ਅੱਡਿਆਂ ਵਿਚੋਂ ਧੱਕਾ-ਸਟਾਰਟ ਗੱਡੀਆਂ ਕਢਣ ਵਕਤ ਹੀ ਪੰਦਰਾ-ਪੰਦਰਾਂ, ਵੀਹ ਵੀਹ ਮਿੰਟ ਲਗ ਜਾਂਦੇ ਹਨ। ਡਰੈਵਰਾਂ ਨੇ ਅਗਲੇ ਅੱਡੇ ਤੋਂ ਜਾ ਕੇ ਵੀ ਟੈਮ ਚੁਕਣਾ ਹੁੰਦਾ ਹੈ। ਖਫਾ ਅਤੇ ਛਿੱਥੇ ਪਏ ਡਰੈਵਰ ਹੱਥੋਂ ਕਾਹਲੀ ਵਿਚ ਐਕਸੀਡੈਂਟ ਹੋ ਸਕਦਾ ਹੈ। ਅਗਰ ਹਵਾਈ-ਅੱਡਿਆਂ ਦੀ ਜਗ੍ਹਾ, ਬੱਸ ਅਡਿਆਂ ਵਲ, ਸਰਕਾਰ ਧਿਆਨ ਦੇਵੇ ਤਾਂ ਸੁਹਣੇ ਅਤੇ ਸੁਚੱਜੇ ਅੱਡੇ ਉਸਾਰੇ ਜਾ ਸਕਦੇ ਹਨ। ਡਰੈਵਰਾਂ ਨੂੰ ਉਨ੍ਹਾਂ ਦੇ ਕੰਮ ਮੁਤਾਬਕ, ਘਟੋ ਘਟ 40 ਰੁਪਏ ਦਿਹਾੜੀ ਦਿਤੀ ਜਾਣੀ ਚਾਹੀਦੀ ਹੈ ਅਤੇ 6 ਘੰਟਿਆਂ ਤੋਂ ਵਧ ਕੰਮ ਨਹੀਂ ਲਿਆ ਜਾਣਾ ਚਾਹੀਦਾ।

ਨੋਟ : ਛੇਵੀਂ ਪੰਜ ਸਾਲਾ ਯੋਜਨਾ ਵਿਚ ਸਰਕਾਰ ਨੇ 150 ਕਰੋੜ ਰੁਪਏ ਹਵਾਈ ਅੱਡਿਆਂ ਖਾਤਰ ਹੀ ਰਖੇ ਹਨ—ਵੈਸੇ ਇਸ ਰਾਸ਼ੀ ਨਾਲ ਤਮਾਮ ਵੱਡੇ ਵੱਡੇ ਸ਼ਹਿਰਾਂ ਵਿਚ ਸੁਚੱਜੇ ਅੱਡੇ ਵੀ ਬਣਾਏ ਜਾ ਸਕਦੇ ਸਨ ਮਗਰ ਐਸਾ ਕਰੇ ਕੌਣ...? ਸਾਡੇ ਦੇਸ਼ ਵਿਚ ਨਾਭੇ, ਪੱਟੀ, ਤਰਨਤਾਰਨ, ਬਟਾਲੇ, ਰਾਜਪੁਰੇ ਵਰਗੇ ਡੇਢ ਕੁ ਸੌ ਹੀ ਸ਼ਹਿਰ ਹਨ (ਜਿਨ੍ਹਾਂ ਦੀ ਅਬਾਦੀ ਇਕ ਲੱਖ ਤੋਂ ਵਧ ਹੈ)... (ਹ) ਸੜਕਾਂ ਉਪਰੋਂ ਲੋਡ ਘੱਟਾਉਣ ਖਾਤਰ, ਵਧ ਤੋਂ ਵਧ ਰੇਲਵੇ ਦਾ ਇਸਤੇਮਾਲ ਕੀਤਾ ਜਾਵੇ। ਵੈਸੇ ਵੀ ਬਸਾਂ/ਟਰੱਕਾਂ ਦੀ ਜਗ੍ਹਾ ਰੇਲਾਂ ਰਾਹੀਂ, 80% ਪੈਟਰੋਲ ਦੀ ਬਚਤ ਹੁੰਦੀ ਹੈ। 'ਇਸ ਤਰ੍ਹਾਂ ਜਿਥੇ ਸੜਕਾਂ ਤੋਂ ਭੀੜ-ਭੜੱਕਾ ਘਟੇਗਾ, ਨਾਲ ਹੀ ਅਰਬਾਂ ਰੁਪਈਆ ਦੀ ਬਚਤ ਹੋਵੇਗੀ। (ਕ) ਤਮਾਮ ਟਰਾਂਸਪੋਰਟ ਦਾ ਕੌਮੀ-ਕਰਨ ਤੁਰੰਤ ਕੀਤਾ ਜਾਏ। ਇਸ ਨਾਲ ਜਿਥੇ ਸਰਕਾਰ ਨੂੰ ਭਾਰੀ ਆਮਦਨ ਹੋਵੇਗੀ, ਨਾਲ ਹੀ ਪ੍ਰਾਈਵੇਟ ਅਤੇ ਸਰਕਾਰੀ ਬੱਸਾਂ ਵਿਚਲਾ ਮੁਕਾਬਲਾ ਖਤਮ ਹੋ ਜਾਵੇਗਾ। ਬੇਲੋੜੀ ਦੌੜ (Race) ਵਿਚ ਪੈਕੇ ਅਕਸਰ ਐਕਸੀਡੈਂਟ ਹੋ ਜਾਂਦੇ ਹਨ !! (ਖ) ਸਪੇਅਰਪਾਰਟਸ, ਸਟੈਂਡਰਡ ਦੀ ਕੰਪਨੀਆਂ ਤੋਂ ਹੀ ਖ਼ੀਦੇ ਜਾਣ ਅਤੇ ਉਨ੍ਹਾਂ ਦੀ ਪ੍ਰਯੋਗ-ਸ਼ਾਲਾ ਵਿਚ ਟੈਸਟ ਕਰਨ ਮਗਰੋਂ ਹੀ ਵਰਤੋਂ ਕਰਨੀ ਚਾਹੀਦੀ ਹੈ। ਚੰਗੀਆਂ ਬਾਡੀ ਬਿਲਡਿੰਗ ਵਰਕਸ਼ਾਪਾਂ ਤੁਰੰਤ ਉਸਾਰੀਆਂ ਜਾਣ !! (ਗ) ਵਰਕਸ਼ਾਪ ਸਟਾਫ ਭਰਤੀ ਕਰਦੇ ਸਮੇਂ, ਸਿਫਾਰਸ਼ ਦੀ ਬਜਾਏ ਲਿਆਕਤ ਨੂੰ ਪਹਿਲ ਦਿਤੀ ਜਾਏ। ਹਰ ਇਕ ਮੁਲਾਜ਼ਮ-ਹੈਲਪਰ, ਸਹਾਇਕ ਮਕੈਨਿਕ/ਫਿੱਟਰ/ਮਿਸਤਰੀ ਆਦਿ ਲਈ ਆਈ. ਟੀ. ਆਈ. ਦਾ ਸਰਟੀਫੀਕੇਟ ਜ਼ਰੂਰ ਹੋਵੇ। (ਘ) ਡਰਾਈਵਰ ਭਰਤੀ ਕਰਦੇ ਸਮੇਂ, ਉਨ੍ਹਾਂ ਦੀ ਲਾਈਸੈਂਸਾਂ ਅਤੇ ਤਜਰਬੇ ਨੂੰ ਚੰਗੀ ਤਰ੍ਹਾਂ ਟੈਸਟ ਕਰ ਲਿਆ ਜਾਏ। ਜਿਨ੍ਹਾਂ ਸੂਬਿਆਂ ਵਿਚ ਚਾਰ ਸੌ ਵਿਚ ਹੈਵੀ-ਲਾਈਸੈਂਸ ਮਿਲ ਰਹੇ ਹਨ—ਉਥੇ ਅਜਿਹੇ ਦਫਤਰਾਂ ਨੂੰ ਤੁਰੰਤ ਸੀਲ ਕੀਤਾ ਜਾਵੇ !! ਸੁਥਰੇ-ਡਰਾਈਵਰਾਂ ਨੂੰ ਫਾਲਤੂ ਸਲਾਨਾ ਤਰੱਕੀਆਂ ਦਿਤੀਆਂ ਜਾਣ !!! ਇਕ ਡਰਾਈਵਰ ਕੋਲ, ਇਕੋ ਹੀ ਬਸ ਰਹਿਣ ਦਿਤੀ ਜਾਏ—ਜਿਥੋਂ ਤੀਕ ਸੰਭਵ ਹੋਵੇ !!. (ਙ) ਲੋਕਾਂ ਵਿਚ ਸੜਕਾਂ ਤੇ ਚਲਣੇ ਪ੍ਰਤੀ ਨਿਯਮਾਂ ਦਾ ਵਧ ਤੋਂ ਵਧ ਪ੍ਰਚਾਰ ਕੀਤਾ ਜਾਵੇ। ਸ਼ਹਿਰਾਂ ਵਿਚ, ਅਕਸਰ 'ਕਾਕੇ' ਟਾਈਪ ਦੇ ਨੌਜਵਾਨ, ਤ੍ਰਿੰਨ ਤ੍ਰਿੰਨ, ਚਾਰ ਚਾਰ ਜਣੇ ਮੋਟਰ ਸਾਈਕਲਾਂ ਤੇ ਚੜ੍ਹੇ ਫਿਰਦੇ ਦਿਸਦੇ ਹਨ—ਇਨ੍ਹਾਂ ਨੂੰ ਸਖਤੀ ਨਾਲ ਰੋਕਿਆ ਜਾਵੇ। ਚੰਡੀਗੜ੍ਹ ਅਤੇ ਹੋਰ ਸ਼ਹਿਰਾਂ ਵਿਚ, ਔਰਤ-ਡਰਾਈਵਰਾਂ ਨੂੰ ਲਾਈਸੈਂਸ ਦਿੰਦੇ ਵਕਤ ਕਿਸੇ ਪੱਖ-ਪਾਤ ਤੋਂ ਕੰਮ ਨਾ ਲਿਆ ਜਾਏ। ਬਿਨਾ ਬੱਤੀ ਤੋਂ ਚਲਣ ਵਾਲੀਆਂ ਜਾਂ ਵਧ ਸਪੀਡ ਤੇ ਜਾਣ ਵਾਲੀਆਂ ਗੱਡੀਆਂ ਦੇ ਡਬਲ ਚਲਾਣ ਕੀਤੇ ਜਾਣ ਅੱਵਲ ਤਾਂ ਸਾਲ ਸਾਲ ਵਾਸਤੇ ਲਾਈਸੈਂਸ ਹੀ ਕੈਂਸਲ ਕਰ ਦਿਤੇ ਜਾਣ। (ਚ) ਟਰਾਂਸਪੋਰਟ ਦੇ ਪ੍ਰਬੰਧਕੀ ਢਾਂਚੇ ਵਿਚ ਟੈਕਨੀਕਲ ਵਿਦਿਆ ਪ੍ਰਾਪਤ ਅਤੇ ਤਜਰਬਾਕਾਰ ਅਫਸਰਾਂ ਨੂੰ ਹੀ ਡੀਪੂ ਮੈਨਜਰ ਵਗੈਰਾ ਪੋਸਟਾਂ ਤੇ ਲਾਇਆ ਜਾਏ। ਘਟੋ-ਘਟ, ਅੱਧੇ ਅਫਸਰ, ਕਰਮ-ਚਾਰੀਆਂ ਵਿਚੋਂ ਵੀ ਤਜਰਬੇ ਅਤੇ ਯੋਗਤਾ ਦੇ ਅਧਾਰ ਤੇ ਲਏ ਜਾਣ। ਆਈ. ਏ. ਐਸ. ਪੀ. ਸੀ. ਐਸ. ਆਦਿ

ਅਫਸਰਾਂ ਦਾ ਟਰਾਂਸਪੋਰਟ ਵਰਗੇ ਟੈਕਨੀਕਲ ਅਦਾਰੇ ਵਿਚ ਕੋਈ ਮਤਲਬ ਹੀ ਨਹੀਂ ਬਣਦਾ !!

ਅਪੀਲ :—ਪਰ ਇਹ ਸਭ ਕੁਝ ਤਾਂ ਹੀ ਸੰਭਵ ਹੋਵੇਗਾ ਅਗਰ ਮੁਲਾਜ਼ਮ-ਵਿਦਿਆਰਥੀ ਖ਼ਾਸ ਕਰਕੇ ਬੁਧੀਜੀਵੀ ਆਪਣੀ ਅਵਾਜ਼ ਇਸ ਪ੍ਰਤੀ ਉਠਾਉਣ ਵਰਨਾ ਮਹਿੰਦਰ ਵਰਗੇ ਸੈਂਕੜੇ ਹੀ ਬਿਨ ਆਈ ਮੌਤੇ ਮਰਦੇ ਜਾਂ ਕਤਲ...ਹੁੰਦੇ ਰਹਿਣਗੇ !??

○○

---

## ਸੰਪਾਦਕੀ ਟਿਪਣੀਆਂ :

### 1. ਪੰਜਾਬ ਸੜ ਰਿਹਾ ਹੈ—ਫਿਕਰ ਕਿਸ ਨੂੰ ?

ਪੰਜਾਬ ਵਿਚ ਦੋ ਕਿਸਮ ਦਾ ਗ਼ਦਰ ਮਚਿਆ ਹੋਇਆ ਹੈ, ਇਕ ਸਿੱਖ ਧਾਰਮਕ ਜੰਨੂਨੀਆਂ ਵਲੋਂ ਅਤੇ ਇਕ ਸਰਕਾਰ ਵਲੋਂ । ਸਿਖ ਜੰਨੂਨੀਆਂ ਵਲੋਂ ਜਹਾਜ਼ ਅਗਵਾ ਕੀਤੇ ਜਾਣ ਦੀ ਕਾਰਵਾਈ ਹੈ, ਜਿਸ ਵਿਚ ਸਾਧਾਰਨ ਮੁਸਾਫਰਾਂ ਦੀ ਜਾਨ ਹਮੇਸ਼ਾਂ ਖਤਰੇ ਵਿਚ ਹੁੰਦੀ ਹੈ । ਇਸ ਤਰ੍ਹਾਂ ਬੰਬ ਸੁੱਟਣ ਦੀ ਕਾਰਵਾਈ ਹੈ; ਜਿਸ ਵਿਚ ਸਾਧਾਰਨ ਲੋਕ ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਿਲ ਹਨ, ਕਿਸੇ ਵੀ ਬੰਬ ਸਪਲਿੰਟਰ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਹੋ ਸਕਦੇ ਹਨ ਤੇ ਮਰ ਵੀ ਸਕਦੇ ਹਨ ! ਸਰਕਾਰ ਵਲੋਂ ਇਹ ਗ਼ਦਰ ਮਚਿਆ ਹੋਇਆ ਹੈ ਕਿ ਕੋਈ ਵੀ ਨੌਜਵਾਨ ਕਿਸੇ ਵੀ ਅੰਦੋਲਨ ਵਿਚ ਜੇਕਰ ਪਕੜਿਆ ਗਿਆ ਹੈ ਤਾਂ ਕੋਈ ਪਤਾ ਨਹੀਂ ਕਿ ਅਗਲੇ ਦਿਨ ਉਹ ਪੁਲਸ ਮੁਕਾਬਲੇ ਵਿਚ ਮਾਰਿਆ ਦਸਿਆ ਜਾਏ ਜਾਂ ਉਹਦੇ ਉਤੇ ਏਨੇ-ਝੂਠੇ ਕੇਸ ਪਾਏ ਜਾਣ ਕਿ ਸਾਲਾਂ ਬੱਧੀ ਉਹ ਕਚਹਿਰੀਆਂ ਦੇ ਚੱਕਰ ਵਿਚੋਂ ਹੀ ਨਾਂ ਨਿਕਲ ਸਕੇ । ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਵਿਦਿਆਰਥੀ ਜਸਬੀਰ ਸਿੰਘ ਦਾ ਇਕ ਕੇਸ ਇਹੋ ਜਿਹਾ ਹੈ । ਉਹ ਸਿਖ ਸਟੂਡੈਂਟਸ ਫੈਡਰੇਸ਼ਨ ਦਾ ਵਰਕਰ ਹੈ । ਆਪਣੀ ਜਥੇਬੰਦੀ ਦੇ ਪ੍ਰੋਗਰਾਮ ਅਨੁਸਾਰ ਉਹ 10 ਅਗਸਤ ਗੁਰੂ ਨਾਨਕ ਕਾਲਜ ਬਟਾਲਾ ਦੇ ਵਿਦਿਆਰਥੀਆਂ ਨੂੰ ਹੜਤਾਲ ਲਈ ਸੱਦਾ ਦੇ ਰਿਹਾ ਸੀ, ਜਦੋਂ ਉਹ ਸੈਂਕੜੇ ਵਿਦਿਆ-ਰਥੀਆਂ ਦੀ ਹਾਜ਼ਰੀ ਵਿਚ ਗਿਰਫਤਾਰ ਕੀਤਾ ਗਿਆ । ਹਵਾਲਾਤ ਵਿਚ ਉਹਦੇ ਪਿਤਾ, ਜਿਹੜੇ ਇਕ ਸਾਬਕਾ ਐਮ. ਐਲ. ਏ. ਹਨ, ਉਹਨੂੰ ਮਿਲੇ । ਉਹਦੇ ਪਿੰਡ ਦੇ ਹੋਰ ਲੋਕ ਵੀ ਮਿਲੇ । ਰਾਤ ਉਸਨੂੰ ਗ਼ਾਇਬ ਕਰ ਦਿਤਾ ਗਿਆ । ਹਵਾਲਾਤ 'ਚ ਅਗਲੀ ਸਵੇਰ ਉਹਦੇ ਪਿਤਾ ਜਦੋਂ ਉਹਨੂੰ ਚਾਹ ਦੇਣ ਗਏ ਤਾਂ ਦਸਿਆ ਗਿਆ ਕਿ ਜਸਬੀਰ ਸਿੰਘ ਨਾਂ ਦਾ ਕੋਈ ਵਿਯਕਤੀ ਥਾਨੇ ਨਹੀਂ ਲਿਆਂਦਿਆ ਗਿਆ । ਪਹਿਲੇ ਦਿਨ ਥਾਨੇ ਦੇ ਮੁਨਸ਼ੀ ਨੇ 46/- ਦੀ ਰਸੀਦ ਵੀ ਜਸਬੀਰ ਸਿੰਘ ਨੂੰ ਦਿਤੀ ਸੀ ਜਿਹੜੀ ਜਾਮਾ ਤਲਾਸ਼ੀ ਵੇਲੇ ਜਸਬੀਰ ਸਿੰਘ ਦੇ ਬੋਝੇ ਵਿਚੋਂ ਨਿਕਲੇ ਸਨ । ਇਸ ਗਲ ਦਾ ਡਰ ਮਹਿਸੂਸ ਕਰਦੇ ਹੋਏ ਕਿ ਜਸਬੀਰ ਸਿੰਘ ਨੂੰ ਕਿਸੇ ਝੂਠੇ ਮੁਕਾਬਲੇ ਵਿਚ ਖਤਮ ਨਾ ਕਰ ਦਿਤਾ ਜਾਏ, ਉਹਦੇ ਪਿਤਾ ਵਕੀਲਾਂ ਦੀ ਸਲਾਹ ਨਾਲ ਚੰਡੀਗੜ੍ਹ ਹਾਈਕੋਰਟ ਵਲ ਧਾਏ ਤੇ ਉਥੋਂ ਬਟਾਲਾ ਦੇ ਐਸ. ਐਚ. ਓ. ਵਲ ਦਸਤੀ ਸੰਮਨ ਹਾਸਿਲ ਕਰਨ ਵਿਚ ਕਾਮਯਾਬ ਹੋਏ, 12 ਅਗਸਤ ਦੀ ਛੁਟੀ ਆ ਗਈ । 14, 15 ਅਗਸਤ ਐਸ. ਐਚ. ਓ. ਲਭਿਆ ਨਾ । 16 ਅਗਸਤ ਨੂੰ ਜਸਬੀਰ ਸਿੰਘ ਨੂੰ ਫਤਿਹਗੜ੍ਹ ਚੂੜੀਆਂ ਦੇ ਥਾਨੇ ਵਿਚੋਂ ਬਾਹਰ ਧਕੇਲ ਦਿਤਾ ਗਿਆ । 16 ਅਗਸਤ ਉਸ ਇੰਸਪੈਕਟਰ ਨੇ ਜਿਸਨੇ ਜਸਬੀਰ ਸਿੰਘ ਨੂੰ ਫੜਿਆ ਸੀ, ਕਚਹਿਰੀ ਵਿਚ ਹਾਈ-ਕੋਰਟ ਦੇ ਸਮਨ ਦੀ ਪੈਰਵੀ ਵਿਚ ਹਲਫੀਆ ਬਿਆਨ ਦੇ ਦਿਤਾ ਕਿ ਕੋਈ ਜਸਬੀਰ ਸਿੰਘ ਉਸਨੇ ਨਹੀਂ ਫੜਿਆ । ਜਸਬੀਰ ਸਿੰਘ ਨੇ ਅੰਦਰਲੀ ਕਹਾਣੀ ਦਸੀ ਹੈ ਕਿ ਪੰਜ ਦਿਨ ਉਸਨੂੰ ਪਾਣੀ ਤਕ ਨਹੀਂ ਪੀਣ ਲਈ ਦਿਤਾ ਗਿਆ । ਨੰਗਲ ਅੰਬੀਆਂ ਦੇ ਕੈਨਾਲ ਰੈਸਟ ਹਾਊਸ ਵਿਚ ਉਹਦੀ ਪੁਛਗਿਛ ਕੀਤੀ ਗਈ । ਇਕ ਆਰਡਰ ਦੇ ਅਨੁਸਾਰ ਉਸਨੂੰ ਉਸੇ ਰਾਤ ਮਾਰਕੇ ਦਰਿਯਾ ਵਿਚ ਸੁੱਟ ਦਿਤਾ ਜਾਣਾ ਸੀ, ਪਰ ਫੇਰ ਪਤਾ ਨਹੀਂ ਉਤੋਂ ਕੀ ਹਿਦੈਤ ਆਈ ਤੇ ਅਗਲੇ ਦਿਨ ਸਵੇਰੇ ਉਸਨੂੰ ਫਤਿਹਗੜ੍ਹ ਚੂੜੀਆਂ ਲਿਆਂਦਿਆ ਗਿਆ ਤੇ ਕੁਝ ਦੇਰ ਬਾਅਦ ਧੱਕੇ ਮਾਰ ਮਾਰ ਕੇ ਥਾਨੇ ਵਿਚੋਂ ਬਾਹਰ ਕਢਿਆ ਗਿਆ । 5 ਦਿਨਾਂ ਦੇ ਤਸੀਹਿਆਂ ਕਾਰਨ ਉਹਦਾ ਭਾਰ 6 ਕਿਲੋ ਦੇ ਕਰੀਬ ਘੱਟ ਗਿਆ ਹੈ ਤੇ ਹੁਣ ਉਹ ਮਹੀਨੇ ਬੱਧੀ ਸਿੱਧਾ ਤੁਰਨ ਦੇ ਯੋਗ ਨਹੀਂ ਹੋਵੇਗਾ । ਪੰਜਾਬ ਸਟੂਡੈਂਟ ਯੂਨੀਅਨ ਦੇ ਹਰਮਨ ਪਿਆਰਾ ਆਗੂ ਮਾਲਵਿੰਦਰ ਮਾਲੀ ਨੂੰ ਬਠਿੰਡਾ ਦੀ ਕਚਹਿਰੀ ਵਿਚੋਂ ਸੈਂਕੜੇ ਵਕੀਲਾਂ ਦੀ ਹਾਜ਼ਰੀ ਵਿਚ ਸਾਦੇ ਕਪੜਿਆਂ ਵਾਲੀ ਪੁਲਸ ਨੇ ਜ਼ਬਰਦਸਤੀ ਚੁਕਿਆ ਤੇ ਥਾਨੇ ਲਿਜਾ ਕੇ ਉਸ ਉਤੇ ਅੰਨ੍ਹਾ ਤਸ਼ੱਦਦ ਕੀਤਾ । ਇਕ ਇਤਲਾਹ ਅਨੁਸਾਰ ਉਹਦੇ ਉਤੇ 8-10 ਝੂਠੇ ਕੇਸ ਪਾ ਦਿਤੇ ਗਏ ਹਨ, ਜਿਨਾਂ ਕਰਕੇ ਉਹਦੀ ਜ਼ਮਾਨਤ ਵੀ ਨਾਂ ਹੋ ਸਕੇ । ਮਲਵਿੰਦਰ ਮਾਲੀ ਪੀ. ਐਸ. ਯੂ. ਸਬੰਧਤ ਵਿਦਿਆਰਥੀਆਂ ਨੂੰ ਕਾਲਜਾਂ ਵਿਚ ਦਾਖਲਾ ਨਾ ਮਿਲਣ ਦੀ ਤਹਿਰੀਕ ਵਿਚ ਕਚਹਿਰੀ ਇਕ ਰਿਟ ਪ੍ਰੋਟੀਸ਼ਨ ਦਾਖਲ ਕਰਵਾਉਣ ਗਿਆ ਸੀ । ਕਾਨੂੰਨ ਦੇ ਰਖਵਾਲਿਆਂ ਵਲੋਂ ਜਿਹੜਾ ਇਹ ਗ਼ਦਰ ਮਚਿਆ ਹੋਇਆ ਹੈ, ਉਹਦੀ ਵਜ੍ਹਾ ਕਰਕੇ ਹੁਣ ਸਰਕਾਰ ਵਲੋਂ, ਪੁਲਸ ਵਲੋਂ ਜਾਂ ਆਪ ਮੁੱਖ ਮੰਤਰੀ ਵੱਲੋਂ ਕੋਈ ਵੀ

(ਬਾਕੀ ਦੇਖੋ ਸਫ਼ਾ 38)

# ਸਮਾਜਿਕ ਯਥਾਰਥ ਤੇ ਪ੍ਰਗਤੀਵਾਦੀ ਸਾਹਿਤ

ਸਬਿੰਦਰਜੀਤ ਸਾਗਰ

ਪ੍ਰਗਤੀਵਾਦੀ ਸਾਹਿਤ ਕੀ ਹੈ ? ਇਹ ਸਵਾਲ ਨਵਾਂ ਨਹੀਂ ਹੈ। ਪਿਛਲੇ ਕਈ ਦਹਾਕਿਆਂ ਵਿਚ ਸਮੇਂ ਸਮੇਂ ਇਹ ਉਭਰਦਾ ਰਿਹਾ ਹੈ। ਭਾਵੇਂ ਇਹਨਾਂ ਜੁਆਬਾਂ ਵਿਚ ਮਾਰਕਸਵਾਦੀ ਵਿਚਾਰਧਾਰਾ ਦਾ ਦਾਅਵਾ ਜ਼ਰੂਰ ਕੀਤਾ ਜਾਂਦਾ ਰਿਹਾ ਹੈ, ਪਰ ਇਹ ਸਾਰੇ ਜੁਆਬ ਇਕ ਦੂਜੇ ਤੋਂ ਵੱਖੋ-ਵੱਖਰੇ ਹਨ। ਮਿਸਾਲ ਵਜੋਂ ਚਾਹਲੀਵਿਆਂ ਵਿਚਲੀ ਤਰੱਕੀ ਪਸੰਦ ਤਹਿਰੀਕ ਦਾ ਸਾਹਿਤ ਬਾਰੇ ਨਜ਼ਰੀਆ ਅਤੇ ਨਕਸਲਬਾੜੀ ਲਹਿਰ ਦੇ ਦੌਰਾਨ ਲਿਖੇ ਸਾਹਿਤ ਦੇ ਨਜ਼ਰੀਏ ਵਿਚ ਵਡਾ ਅੰਤਰ ਹੈ। ਇਸ ਦਾ ਸੰਬੰਧ ਸਮਾਜਿਕ ਯਥਾਰਥ ਬਾਰੇ ਅਤੇ ਸਾਹਿਤ ਨਾਲ ਇਸ ਦੇ ਸਬੰਧ ਬਾਰੇ ਲਗਾਤਾਰ ਬਦਲਦੇ ਨਜ਼ਰੀਏ ਨਾਲ ਹੈ। ਦਰਅਸਲ ਪ੍ਰਗਤੀਵਾਦੀ ਸਾਹਿਤ ਦੀ ਸਮਝ ਲਈ ਕੇਂਦਰੀ ਨੁਕਤਾ ਸਮਾਜਿਕ ਯਥਾਰਥ, ਸਾਹਿਤ ਅਤੇ ਇਹਨਾਂ ਦੇ ਆਪਸੀ ਸੰਬੰਧਾਂ ਬਾਰੇ ਹੈ। ਇਹੀ ਨੁਕਤਾ ਕਿਸੇ ਕਿਰਤ ਦੀ ਸਾਹਿਤਕਤਾ ਤੇ ਅਸਾਹਿਤਕਤਾ ਦੇ ਨਿਰਧਾਰਣ ਲਈ ਵੀ ਅਹਿਮ ਭੂਮਿਕਾ ਅਦਾ ਕਰਦਾ ਹੈ। ਅੱਜ ਦੀ ਚਰਚਾ ਦਾ ਮੁਖ ਵਿਸ਼ਾ ਇਹੀ ਹੈ। ਇਸ ਵਿਚ ਸਭ ਤੋਂ ਪਹਿਲਾਂ ਸਮਾਜਿਕ ਯਥਾਰਥ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ ਅਤੇ ਫੇਰ ਸਾਹਿਤ ਦੇ ਇਸ ਨਾਲ ਰਿਸ਼ਤੇ ਤੇ ਉਸਦੇ ਆਪਣੇ ਸੁਭਾਅ ਬਾਰੇ ਵਿਚਾਰ ਕੀਤੀ ਜਾਵੇਗੀ। ਇਸ ਸਿਲਸਿਲੇ ਵਿਚ ਸਭ ਤੋਂ ਪਹਿਲਾਂ ਅਜੋਕੇ ਪ੍ਰਗਤੀਵਾਦੀ ਸਾਹਿਤ ਵਿਚ ਪ੍ਰਚੱਲਤ ਸੰਕਲਪ, ਪਹੁੰਚ ਅਤੇ ਪ੍ਰਵਿਰਤੀਆਂ ਬਾਰੇ ਵਿਚਾਰ ਕਰਾਂਗੇ। ਇਸ ਨਾਲ ਜਿੱਥੇ ਸਾਹਿਤਕ ਵਿਰਸੇ ਨੂੰ ਸਮਝਣ ਵਿਚ ਸਹਾਇਤਾ ਮਿਲੇਗੀ, ਉਥੇ ਹੀ ਇਸ ਨੁਕਤੇ ਨੂੰ ਸਮਝ ਵੱਲ ਵਧਣ ਵਿੱਚ ਵੀ।

000

ਅਜੋਕੇ ਪ੍ਰਗਤੀਵਾਦੀ ਸਾਹਿਤ ਵਿਚ ਸਭ ਤੋਂ ਵਧੇਰੇ ਜ਼ੋਰ ਵਸਤੂ ਯਥਾਰਥ ਦੇ ਕਿਸੇ ਇਕ ਪੱਖ ਉਤੇ ਦਿਤਾ ਜਾਂਦਾ ਹੈ। ਬਹੁਤੀ ਵੇਰ ਯਥਾਰਥ ਪ੍ਰਤਖੀਕਰਨ ਤੇ ਅਧਾਰਿਤ ਹੁੰਦਾ ਹੈ। ਅਰਥਾਤ ਜੋ ਨਜ਼ਰ ਆਉਂਦਾ ਹੈ ਉਸ ਨੂੰ ਸਮਾਜਿਕ ਯਥਾਰਥ ਮੰਨ ਲਿਆ ਜਾਂਦਾ ਹੈ। ਇਹ ਪ੍ਰਵਿਰਤੀ ਕਲਾਕਾਰ ਨੂੰ ਆਰਥਿਕ ਅਧਾਰ ਤੇ ਪਰਉਸਾਰੀ ਦੇ ਵਿਰੋਧ ਵਿਕਾਸੀ ਖਾਸੇ ਨੂੰ ਸਮਝਣ ਵੱਲ ਰੁਚਿਤ ਨਹੀਂ ਕਰਦੀ। ਇਸ ਤਰ੍ਹਾਂ ਉਹ ਸਮਾਜਿਕ ਯਥਾਰਥ ਦੀ ਬਹੁ-ਪਰਤੀ ਤੇ ਸੰਪੂਰਨ ਸਮਝ ਤੱਕ ਅਪੜਨੋਂ ਖੁੰਝ ਜਾਂਦਾ ਹੈ। ਇਸੇ ਪਹੁੰਚ ਦਾ ਇਕ ਹੋਰ ਖ਼ਤਰਾ ਇਹ ਹੈ ਕਿ ਉੱਪਰਲੇ ਯਥਾਰਥ ਦੇ ਚਿਤਰਨ ਨਾਲ ਲੇਖਕ ਦੀ ਵਿਚਾਰਧਾਰਾ ਧੁੰਦਲਾ ਜਾਂਦੀ ਹੈ। ਕਈ ਵੇਰ ਰਚਨਾ ਯਥਾਰਥ ਦੇ ਅਧਾਰ 'ਤੇ ਅਗਾਂਹ-ਵਧੂ ਜਾਪਦੀ ਹੈ ਪਰ ਦਰਅਸਲ ਉਸ ਵਿਚ ਕਈਂ ਵਿਚਾਰਧਾਰਕ ਵਿਰੋਧ ਤੇ ਘਾਟਾਂ ਹੁੰਦੀਆਂ ਹਨ।

ਕਈ ਵੇਰ ਸਮਾਜਿਕ ਯਥਾਰਥ ਨੂੰ ਸਮਝਣ ਲਈ ਸਮਕਾਲੀ ਰਾਜਨੀਤੀ ਦਾ ਆਸਰਾ ਲਿਆ ਜਾਂਦਾ ਹੈ। ਸਮਕਾਲੀ ਰਾਜਨੀਤੀ ਦਾ ਸਿਧਾ ਸੰਬੰਧ ਬਹੁਤਾ ਅਰਥਚਾਰੇ ਨਾਲ ਤੇ ਉਸ ਨਾਲ ਜੁੜੇ ਰਾਜਨੀਤਕ ਖੇਤਰ ਨਾਲ ਹੁੰਦਾ ਹੈ। ਕਈ ਵੇਰ ਅਰਥਚਾਰੇ ਤੇ ਰਾਜਨੀਤੀ ਵਿਚ ਤਤਕਾਲੀ ਵਕਤੀ ਵਿਰੋਧ ਉਭਰਦੇ ਹਨ ਜੋ ਸਮਾਜਿਕ ਯਥਾਰਥ ਦੇ ਮੂਲ ਵਿਰੋਧਾਂ ਨਾਲੋਂ ਭਿੰਨ ਹੁੰਦੇ ਹਨ। ਇਹਨਾਂ ਬਾਰੇ ਸਮਕਾਲੀ ਰਾਜਨੀਤੀ ਵਖਰੇ ਦਾਅ ਪੇਚ ਅਪਣਾਉਂਦੀ ਹੈ। ਸਮਕਾਲੀ ਰਾਜਨੀਤੀ ਨੂੰ ਸਮਾਜਿਕ ਯਥਾਰਥ ਸਮਝਣ ਲਈ ਵਰਤਣ ਨਾਲ ਅਜੇਹੇ ਵੇਲੇ ਟਪਲਾ ਖਾ ਜਾਣਾ ਸੁਭਾਵਿਕ ਹੈ। ਦਰਅਸਲ ਕਿਸੇ ਵਕਤੀ ਦ੍ਰਿਸ਼ਟਮਾਨ ਨੂੰ ਸਾਰਾ ਵਰਤਾਰਾ ਮੰਨ ਲੈਣਾ ਉੱਚਿਤ ਨਹੀਂ।

ਸਾਹਿਤ ਵਿੱਚ ਸਮਕਾਲੀ ਯਥਾਰਥ ਨੂੰ ਆਧਾਰ ਬਨਾਉਣ ਦੀ ਥਾਂ ਉਸ ਦੇ ਕਿਸੇ ਇਕ ਅੰਸ਼ ਨੂੰ ਹੀ ਅਧਾਰ ਬਣਾ ਲਿਆ ਜਾਂਦਾ ਹੈ। ਬਹੁਤੀ ਵੇਰ ਪੇਂਡੂ ਜੀਵਨ ਬਾਰੇ ਕਹਾਣੀ ਨੂੰ ਪ੍ਰਗਤੀਵਾਦੀ ਅਤੇ ਸ਼ਹਿਰੀਜੀਵਨ ਬਾਰੇ ਕਹਾਣੀ ਨੂੰ ਗੈਰ-ਪ੍ਰਗਤੀਵਾਦੀ ਮੰਨ ਲਿਆ ਜਾਂਦਾ ਹੈ। ਇਸੇ ਤਰ੍ਹਾਂ ਸਮਾਜਿਕ ਯਥਾਰਥ ਨੂੰ ਪ੍ਰਵਰਗਾਂ ਅਤੇ ਸੰਕਲਪਾਂ ਵਿਚ ਸਥਿਰ ਰੂਪ ਵਿੱਚ ਲਿਆ ਜਾਂਦਾ ਹੈ। ਕਿਸੇ ਅਮੀਰ ਬੰਦੇ ਬਾਰੇ ਲਿਖੀ ਕਹਾਣੀ ਤੇ ਮਜ਼ਦੂਰ ਬਾਰੇ ਲਿਖੀ ਕਹਾਣੀ ਦੇ ਸਮਾਜਿਕ ਯਥਾਰਥ ਨੂੰ ਅਕਸਰ ਅੱਡ ਅੱਡ ਵਰਗਾਂ ਵਿਚ ਵੰਡ ਲਿਆ ਜਾਂਦਾ ਹੈ। ਇਸ ਤਰ੍ਹਾਂ ਸਮਾਜਿਕ ਯਥਾਰਥ ਨੂੰ ਵਿਚਾਰਧਾਰਾ ਨਾਲੋਂ ਤੋੜ ਕੇ ਉਸਦਾ ਸਮਾਨੀਕਰਣ ਕਰ ਲਿਆ ਜਾਂਦਾ ਹੈ। ਆਲੋਚਨਾ ਵਿੱਚ ਇਹ ਪ੍ਰਵਿਰਤੀ ਕਰ ਕੇ ਫਿਊਡਲ, ਪੂੰਜੀਵਾਦੀ ਆਦਿ ਪ੍ਰਵਰਗਾਂ ਵਿੱਚ ਵੰਡ ਕੇ ਮੁਲੰਕਣ ਕਰ ਲਿਆ ਜਾਂਦਾ ਹੈ ਅਤੇ ਉਸਦੇ ਸਮਾਜਿਕ ਯਥਾਰਥ ਦੇ ਅਧਾਰ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਸਮਾਜਿਕ ਯਥਾਰਥ ਬਾਰੇ ਸਮਝ ਵਿਚ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਇਸ ਵਿਚ ਸਭ ਤੋਂ ਵਧੇਰੇ ਜ਼ੋਰ ਆਰਥਿਕ ਅਧਾਰ ਉਤੇ ਦਿਤਾ ਜਾਂਦਾ ਹੈ ਅਤੇ ਸਮਾਜ ਵਿਚਲੇ ਮਨੁੱਖੀ ਜੀਵਨ ਦੀਆਂ ਬਹੁਤੀਆਂ ਗਤੀਵਿਧੀਆਂ ਅਤੇ ਅੰਤਰ ਵਿਰੋਧਾਂ ਨੂੰ ਉਸ ਦੀ ਉਪਜ ਹੀ ਮੰਨ ਲਿਆ ਜਾਂਦਾ ਹੈ। ਇਸ ਨਿਸ਼ਚਿਤਤਾਵਾਦੀ ਸੋਚ ਦਾ ਸਭ ਤੋਂ ਸਪਸ਼ਟ ਸੰਕੇਤ ਸਾਹਿਤ ਵਿੱਚ ਵੀ ਵੇਖਿਆ ਜਾ ਸਕਦਾ ਹੈ। ਮਨੁੱਖੀ ਜੀਵਨ, ਉਸਦਾ ਸਮਾਜ ਵਿੱਚ ਵਿਚਰਨਾ, ਉਸ ਦੇ ਰਿਸ਼ਤੇ ਵਿਰੋਧ, ਝਗੜੇ—ਜਾਂਨੀ ਸਮਾਜਿਕ ਜੀਵਨ ਤੇ ਮਨੋਵਿਗਿਆਨ ਨਾ ਹੋਣ ਬਰਾਬਰ ਜਾਂ ਪੇਤਲਾ ਦਰਸਾਇਆ ਜਾਂਦਾ ਹੈ। ਨਤੀਜੇ ਵਜੋਂ ਉਸਦਾ ਸੁਤੰਤਰ ਵਿਅਕਤੀਤਵ ਉਭਰਦਾ ਹੀ ਨਹੀਂ।

ਸਮਾਨੀਕਰਨ ਦੀ ਰੁਚੀ, ਨਿਸ਼ਚਿਤਤਾਵਾਦੀ ਪਹੁੰਚ ਸਮਾਜਿਕ ਯਥਾਰਥ ਨੂੰ ਆਪਣੇ ਗਤੀਸ਼ੀਲ ਤੇ ਬਹੁਪਰਤੀ ਰੂਪ ਵਿੱਚ ਵੇਖਣ ਦੀ ਬਜਾਏ ਸਥਿਰ, ਇਕ ਦੂਜੇ ਤੋਂ ਕਟੇ ਤੇ ਇਕੋ ਜਿਹੇ ਸਪਾਟ ਰੂਪ ਵਿਚ ਵੇਖਿਆ ਜਾਂਦਾ ਹੈ। ਇਸੇ ਲਈ ਜੇ ਮੰਨ ਲਿਆ ਜਾਂਦਾ ਹੈ ਕਿ ਅਰਥਚਾਰਾ ਪੂੰਜੀਵਾਦੀ ਹੈ ਤਾਂ ਸਮਾਜਿਕ ਯਥਾਰਥ ਦੇ ਅੰਦਰ ਸਾਰੇ ਮਨੁਖੀ ਰਿਸ਼ਤੇ ਪੂੰਜੀਵਾਦੀ ਹੋਣਗੇ। ਇਸ ਤਰ੍ਹਾਂ ਪੁਰਾਣੀ ਆਰਥਿਕ ਬਣਤਰ ਦਾ ਨਵਾਂ ਰੂਪਾਂਤਰਨ ਅੱਖੋਂ ਓਹਲੇ ਹੋ ਜਾਂਦਾ ਹੈ ਅਤੇ ਨਾਲ ਹੀ ਪੁਰਾਣੀਆਂ ਬਣਤਰਾਂ ਦੀ ਹੋਂਦ ਤੋਂ ਵੀ ਮੁਨਕਰ ਹੋ ਜਾਈਦਾ ਹੈ। ਇਸ ਤਰ੍ਹਾਂ ਅਧਾਰ ਤੇ ਪਰਉਸਾਰੀ ਦੇ ਨਿਰਭਰਤਾ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਮਾਜਿਕ ਯਥਾਰਥ ਬਾਰੇ ਸਾਡੀ ਸਮਝ ਵਿੱਚ ਕਈ ਉਣਤਾਈਆਂ, ਭੁਲਾਵੇ ਤੇ ਗਲਤੀਆਂ ਹਨ। ਇਸ ਲਈ ਪ੍ਰਗਤੀਵਾਦੀ ਸਾਹਿਤਕਾਰ ਲਈ ਲੋੜ ਇਹ ਸਮਝਣਾ ਹੈ ਕਿ ਸਮਾਜਿਕ ਯਥਾਰਥ ਕਿਸ ਨੂੰ ਕਿਹਾ ਜਾਂਦਾ ਹੈ ?

ਜਿੱਥੇ ਸਮਕਾਲੀ ਯਥਾਰਥ ਨੂੰ ਸਮਝਣਾ ਇਕ ਕਰਮ ਹੈ ਉਥੇ ਉਸ ਨੂੰ ਸਾਹਿਤ ਵਿੱਚ ਪੇਸ਼ ਕਰਨਾ ਵਖਰਾ। ਇਹਨਾਂ ਦੋਨਾਂ ਕਰਮਾਂ ਵਿਚਲੀ ਸਾਂਝ ਬਾਰੇ ਵੀ ਕਈ ਗਲਤ ਵਿਚਾਰ ਪ੍ਰਚਲਤ ਹਨ। ਇਹ ਗਲਤ ਵਿਚਾਰ ਜਿੱਥੇ ਸਾਹਿਤ ਦੇ ਵਿਕਾਸ ਨੂੰ ਨੁਕਸਾਨ ਪੁਚਾਉਂਦੇ ਹਨ ਉਥੇ ਹੀ ਸਮਾਜਿਕ ਯਥਾਰਥ ਨੂੰ ਧੁੰਦਲਾਉਂਦੇ ਵੀ ਹਨ। ਇਸ ਲਈ ਪ੍ਰਗਤੀਵਾਦੀ ਸਾਹਿਤਕਾਰ ਲਈ ਇਹ ਵੀ ਜ਼ਰੂਰੀ ਹੈ ਕਿ ਇਸ ਦੇ ਰਿਸ਼ਤੇ ਨੂੰ ਠੀਕ ਢੰਗ ਨਾਲ ਸਮਝੇ।

ਅਕਸਰ ਸਾਹਿਤ ਤੇ ਸਮਾਜਿਕ ਯਥਾਰਥ ਵਿਚਾਲੇ ਸਿਧਾ ਤੇ ਮਕਾਨਕੀ ਰਿਸ਼ਤਾ ਸਮਝ ਲਿਆ ਜਾਂਦਾ ਹੈ। ਇਸ ਤਰ੍ਹਾਂ ਸਮਾਜਿਕ ਯਥਾਰਥ ਨੂੰ ਪ੍ਰਤੀਨਿਧੀ ਤੇ ਨਿਰਪੇਖ ਸਮਝ ਲਿਆ ਜਾਂਦਾ ਹੈ ਅਤੇ ਸਾਹਿਤ ਨੂੰ ਉਸ ਉਤੇ ਅਧਾਰਿਤ। ਇਸ ਨਾਲ ਸਾਹਿਤ ਦੇ ਵਿਭਿੰਨ ਮਾਧਿਅਮਾਂ ਦਾ ਜਿਨ੍ਹਾਂ ਦੁਆਰਾ ਸਮਾਜਿਕ ਯਥਾਰਥ ਸਾਹਿਤਕ ਰੂਪ ਧਾਰਨ ਕਰਦਾ ਹੈ, ਨੂੰ ਗੈਰ ਜ਼ਰੂਰੀ ਸਮਝ ਲਿਆ ਜਾਂਦਾ ਹੈ। ਨਤੀਜੇ ਵਜੋਂ ਸਮਾਜਿਕ ਯਥਾਰਥ ਵੀ ਇਕਹਿਰਾ, ਸਥਿਰ ਤੇ ਅੰਸ਼ਕ ਬਣ ਜਾਂਦਾ ਹੈ।

ਸਮਾਜਕ ਯਥਾਰਥ ਨੂੰ ਗ੍ਰਹਿਣ ਕਰਨ ਤੇ ਪ੍ਰਗਟਾਉਣ ਲਈ ਵਿਚਾਰਧਾਰਾ ਤੇ ਸਾਹਿਤ ਦੋ ਵਖਰੀਆਂ ਵਿਧੀਆਂ ਹਨ, ਇਹਨਾਂ ਵਖਰੇ ਸੁਭਾ ਵਾਲੀਆਂ ਵਿਧੀਆਂ ਨੂੰ ਅਕਸਰ ਇਕੋ ਸਮਝ ਲਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਵਿਚਾਰਧਾਰਾ ਦਾ ਪ੍ਰਗਟਾ ਸਾਹਿਤਕ ਕਿਰਤ ਵਿੱਚ ਉਸ ਵਿਧੀ ਦੇ ਸੁਭਾ ਅਨੁਕੂਲ ਨਹੀਂ ਕੀਤਾ ਜਾਂਦਾ। ਨਤੀਜੇ ਵਜੋਂ ਰਚਨਾ ਮਹਿਜ਼ ਨਾਹਰਾ ਜਾਪਣ ਲਗ ਪੈਂਦੀ ਹੈ।

ਸਮਾਜਿਕ ਯਥਾਰਥ ਤੇ ਸਾਹਿਤ ਨਾਲ ਸੰਬੰਧ ਬਾਰੇ ਗਲਤ ਸਮਝ ਦਾ ਨਤੀਜਾ ਹੀ ਹੈ ਜਦੋਂ ਸਾਹਿਤ ਦੀ ਭੂਮਿਕਾ ਨੂੰ ਵਧਾ ਚੜ੍ਹਾ ਕੇ ਵੇਖਿਆ ਜਾਂਦਾ ਹੈ। ਸਿਰਜਣਾਤਮਕ ਸਾਹਿਤ ਤੇ ਆਲੋਚਨਾ ਵਿੱਚ ਸਾਹਿਤ ਨੂੰ ਰਾਜਨੀਤਕ ਕਰਮ ਦਾ ਬਦਲ ਸਮਝ ਲਿਆ ਜਾਂਦਾ ਹੈ। ਇਸ ਤਰ੍ਹਾਂ ਸਾਹਿਤ ਦੀ ਵਿਸ਼ੇਸ਼ਤਾ ਨੂੰ ਅੱਖੋਂ ਪਰੋਖੇ ਕਰ ਦਿਤਾ ਜਾਂਦਾ ਹੈ। ਇਸ ਤਰ੍ਹਾਂ ਅਸਿਧੇ ਰੂਪ ਵਿਚ ਪਰਉਸਾਰ ਦੇ ਦੋ ਰੂਪਾਂ ਬਰਾਬਰ ਮੰਨ ਲਿਆ।

ਸਮਾਜਿਕ ਯਥਾਰਥ ਪ੍ਰਤੀ ਗਲਤ ਪਹੁੰਚ ਅਤੇ ਉਸ ਦੇ ਸਾਹਿਤ ਨਾਲ ਸੰਬੰਧਾਂ ਦੀ ਅਸਮਝ ਤੋਂ ਇਹ ਸਪਸ਼ਟ ਹੈ ਕਿ ਸਾਹਿਤ ਬਾਰੇ ਬਹੁਤੀ ਸਮਝ ਠੀਕ ਨਹੀਂ ਹੈ। ਕਈ ਵੇਰ ਸਮਾਜਿਕ ਯਥਾਰਥ ਬਾਰੇ ਚੰਗੀ ਸਮਝ ਹੋਣ ਤੇ ਵੀ ਸਾਹਿਤ ਤੇ ਉਸ ਦੇ ਸੰਬੰਧ ਬਾਰੇ ਗਲਤ ਸਮਝ ਹੋ ਸਕਦੀ ਹੈ। ਮਾਰਕਸਵਾਦੀ ਆਲੋਚਕ ਜਾਰਜ ਲੁਕਾਚ ਸਾਹਿਤ ਨੂੰ ਵੱਖਰਾ ਸੰਸਾਰ, ਮਨੁੱਖਤਾ ਦਾ ਸਰਵੋਚ ਪ੍ਰਗਟਾਵਾ ਮੰਨਦਾ ਹੈ ਜੋ ਆਪਣੇ ਆਪ ਵਿਚ ਸੰਗਠਿਤ ਅਤੇ ਸੰਪੂਰਨ ਹੈ।

ਜਿੱਥੇ ਇਕ ਪਾਸੇ ਸਾਹਿਤ ਨੂੰ ਪੂਰੀ ਤਰ੍ਹਾਂ ਵੱਖਰਾ ਤੇ ਖੁਦਮੁਖਤਾਰ ਸੰਸਾਰ ਮੰਨ ਲਿਆ ਜਾਂਦਾ ਹੈ ਉਥੇ ਹੀ ਇਸ ਦੇ ਠੀਕ ਉਲਟ ਦ੍ਰਿਸ਼ਟੀ ਵੀ ਵੇਖੀ ਜਾ ਸਕਦੀ ਹੈ। ਇਸ ਅਨੁਸਾਰ ਕਲਾ ਦੀ ਆਪਣੀ ਕੋਈ ਸੁਤੰਤਰ ਹੋਂਦ ਨਹੀਂ ਹੈ। ਇਹ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਮਾਤਰ ਹੈ। ਇਸ ਤਰ੍ਹਾਂ ਬਹੁਤਾ ਜ਼ੋਰ ਸਮਾਜਿਕ ਯਥਾਰਥ ਦੇ ਪ੍ਰਗਟਾ 'ਤੇ ਦਿਤਾ ਜਾਂਦਾ ਹੈ ਅਤੇ ਉਸਦਾ ਕਲਾਤਮਕ ਰੂਪਾਂਤਰਣ ਅੱਖੋਂ ਉਹਲੇ ਹੀ ਰਹਿੰਦਾ ਹੈ। ਇਹ

ਪਹੁੰਚ ਨਿਸ਼ਚਿਤਤਾ ਹੈ। ਇਸ ਵਿਚ ਨਿਰੋਲ ਵਿਚਾਰਧਾਰਕ ਪੱਖ ਬਹੁਤਾ ਉਜਾਗਰ ਹੋ ਜਾਂਦਾ ਹੈ।

ਦੁਖ ਦੀ ਗੱਲ ਤਾਂ ਇਹ ਹੈ ਕਿ ਅਸੀਂ ਕਿਸੇ ਕਿਰਤ ਦੇ ਸਾਹਿਤਕ ਜਾਂ ਅਸਾਹਿਤਕ ਹੋਣ ਦੀ ਵੀ ਕੋਈ ਕਸੌਟੀ ਨਹੀਂ ਘੜ ਸੱਕੇ। ਕਿਸੇ ਰਚਨਾ ਦੇ ਅਛੇ ਜਾਂ ਮਾੜੇ ਹੋਣਾ ਉਸ ਵਿਚ ਪ੍ਰਗਟਾਏ ਵਿਚਾਰਾਂ ਤਕ ਹੀ ਸੀਮਿਤ ਕਰ ਦਿਤਾ ਜਾਂਦਾ ਹੈ। ਇਸ ਤਰ੍ਹਾਂ ਦੀ ਕਸੌਟੀ ਵਲ ਨਾ ਧਿਆਨ ਦੇਣ ਪਿਛੇ ਕਾਰਨ ਇਹ ਹੈ ਕਿ ਅਸੀਂ ਸਾਹਿਤਕਤਾ ਨੂੰ ਨਾ ਮੰਨ ਕੇ ਉਸਦੀ ਸ਼ਖਸ਼ੀਅਤ ਦੀ ਵਿਸ਼ਿਸ਼ਟਤਾ ਨੂੰ ਨਜ਼ਰਅੰਦਾਜ ਕਰ ਜਾਂਦੇ ਹਾਂ। ਕਿਸੇ ਰਚਨਾ ਦਾ ਪਹਿਲਾ ਗੁਣ ਉਸਦੀ ਸਾਹਿਤਕਤਾ ਹੈ। ਇਸ ਸਾਹਿਤਕਤਾਂ ਵਿੱਚ ਰੁਪਾਂਤਰਿਤ ਵਿਚਾਰ ਤਾਂ ਹੀ ਸਾਰਥਕ ਸਮਝੇ ਜਾ ਸਕਦੇ ਹਨ ਅਤੇ ਉਸ ਨੂੰ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਪੜਤਾਲਿਆ ਜਾ ਸਕਦਾ ਹੈ। ੦੦੦

ਸਮਾਜਿਕ ਯਥਾਰਥ ਬਾਰੇ ਬਹੁਤ ਸਾਰੇ ਪੱਛਮੀ ਅਲੋਚਕਾਂ ਨੇ ਆਪਣੇ ਵਿਚਾਰ ਪ੍ਰਗਟਾਏ ਹਨ। ਮਿਸਾਲ ਦੇ ਤੌਰ ਉਤੇ ਜਾਰਜ ਲੁਕਾਚ ਅਨੁਸਾਰ ਯਥਾਰਥ ਸਮਾਜਿਕ-ਇਤਿਹਾਸਕ ਪ੍ਰਕ੍ਰਿਆ ਵਿੱਚ ਹੁੰਦਾ ਹੈ। ਇਹ ਜਾਰੀ ਰਹਿਣ ਤੇ ਨਾ-ਜਾਰੀ ਰਹਿਣ, ਪਰੰਪਰਾ ਤੇ ਇਨਕਲਾਬ ਅਤੇ ਹੌਲੀ ਹੌਲੀ ਰੂਪਾਂਤਰਣ ਤੇ ਛਾਲ ਵਿਚਲੀ ਵਿਰੋਧ ਵਿਕਾਸੀ ਏਕਤਾ ਹੈ। ਇੰਞ ਹੀ ਰੇਮੰਡ ਵੀਲੀਅਮ ਯਥਾਰਥ ਨੂੰ ਮਨੁੱਖ ਤੇ ਸਮਾਜ ਦਰਮਿਆਨ ਸੰਤੁਲਨ ਸਮਝਦਾ ਹੈ। ਇਸ ਨੂੰ ਮਨੁੱਖ ਕਾਰਜ ਤੇ ਭਾਸ਼ਾ ਨਾਲ ਸਾਂਝਾ ਕਰਦਾ ਹੈ। ਦੋਵੇਂ ਯਥਾਰਥ ਦੀ ਗੱਲ ਜੀਵਨ ਦੀ ਸ਼ਮੱਗ੍ਰਤਾ ਦੇ ਰੂਪ ਵਿਚ ਕਰਦੇ ਹਨ। ਇਸੇ ਤਰ੍ਹਾਂ ਫਰਾਂਸੀਸੀ ਵਿਦਵਾਨ ਮਿਸ਼ਲ ਜੇਰਾਫ਼ ਯਥਾਰਥਵਾਦੀ ਰਚਨਾਵਾਂ ਬਾਰੇ ਲਿਖਦਾ ਹੈ ਕਿ ਇਹ 'ਉਹ ਹੁੰਦੀਆਂ ਹਨ, ਜੋ ਸਮਾਜਿਕ, ਆਰਥਿਕ ਤੇ ਮਾਨਸਿਕ ਜੀਵਨ ਦੇ ਲੁਕੇ ਹੋਏ, ਨਾ-ਮੰਨਣਯੋਗ ਪੱਖਾਂ ਨੂੰ ਪ੍ਰਗਟਾਉਂਦੀਆਂ ਹਨ। ਉਹ ਅਜੇਹੇ ਪੱਖਾਂ ਦੀ ਖੋਜ ਵੀ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਬੋਧ ਜਾਂ ਤੱਤਸਾਰ ਦਾ ਪ੍ਰਗਟਾਵਾ ਵੀ'।

ਸਮਾਜਿਕ ਯਥਾਰਥ ਵਸਤੂ ਯਥਾਰਥ ਦਾ ਇਕ ਪੱਖ ਜਾਂ ਸਤਹੀ-ਪਨ ਨਹੀਂ ਹੈ। ਇਸ ਨੂੰ ਵਿਚਾਰਧਾਰਾ ਨਾਲ ਸਮਝਿਆ ਤਾਂ ਜਾ ਸਕਦਾ ਹੈ, ਪਰ ਇਸ ਲਈ ਵਿਚਾਰਧਾਰਾ ਦੀ ਥਾਂ ਤਤਕਾਲੀਨ ਰਾਜਨੀਤੀ ਨੂੰ ਅਧਾਰ ਬਨਾਉਣਾ ਉਚਿਤ ਨਹੀਂ। ਇਹ ਗੱਲ ਵੀ ਸਪਸ਼ਟ ਹੈ ਕਿ ਸਮਾਜਿਕ ਯਥਾਰਥ ਨੂੰ ਪ੍ਰਵਰਗਾਂ ਜਾਂ ਸਧਾਰਨ ਸੰਕਲਪਾਂ ਦੇ ਆਧਾਰ 'ਤੇ ਵੀ ਨਹੀਂ ਸਮਝਿਆ ਜਾ ਸਕਦਾ। ਇਹ ਪ੍ਰਕ੍ਰਿਆ ਅਤਿ ਗੁੰਝਲਦਾਰ ਅਤੇ ਲਗਾਤਾਰ ਗਤੀਸ਼ੀਲ ਹੈ, ਇਸ ਨੂੰ ਸਥਿਰ ਰੂਪ ਵਿੱਚ ਵੇਖਣਾ ਦਰੁਸਤ ਨਹੀਂ।

ਸਮਾਜਿਕ ਯਥਾਰਥ ਆਰਥਿਕ ਆਧਾਰ ਵਿੱਚ ਗਤੀਸ਼ੀਲ ਵਿਰੋਧੀ ਤਾਕਤਾਂ ਅਤੇ ਪਰਉਸਾਰ ਦੇ ਅਨੇਕਾਂ ਹਿੱਸਿਆਂ ਵਿੱਚ ਗਤੀਸ਼ੀਲ ਤਾਕਤਾਂ ਦੇ ਆਪਸੀ ਵਿਰੋਧ ਵਿਕਾਸੀ ਏਕਤਾ ਹੈ। ਇਸ ਵਿੱਚ ਆਰਥਿਕ ਆਧਾਰ ਦੀ ਭੂਮਿਕਾ ਵਿਸ਼ੇਸ਼ ਹੈ, ਪਰ ਪਰਉਸਾਰ ਦੇ ਸਾਪੇਖੱਕ ਮਹਤਵ ਨੂੰ ਵੀ ਘਟਾ ਕੇ ਨਹੀਂ ਵੇਖਣਾ ਚਾਹੀਦਾ। ਮਾਰਕਸ ਦੀਆਂ ਰਚਨਾਵਾਂ ਵਿੱਚ ਇਸ ਤੱਥ ਦੇ ਪ੍ਰਗਟਾਵੇ ਤੋਂ ਕਈ ਵੇਰ ਇਹ ਭੁਲੇਖਾ ਪੈਂਦਾ ਹੈ ਕਿ ਜਿਵੇਂ ਪਰਉਸਾਰ ਆਧਾਰ ਦੀ ਉਪਜ ਤੇ ਉਸੇ ਤੇ ਹੀ ਆਧਾਰਤ ਹੈ। ਇਸ ਤਰ੍ਹਾਂ ਆਧਾਰ ਦੀ ਤਬਦੀਲੀ ਨਾਲ ਪਰਉਸਾਰ ਦੀ ਤਬਦੀਲੀ ਸੰਭਵ ਹੈ। ਪਰ ਅਗਰ ਧਿਆਨ ਨਾਲ ਵੇਖੀਏ ਤਾਂ ਮਾਰਕਸ ਨੇ ਇਸ ਪਾਸੇ ਸਪਸ਼ਟ ਸੰਕੇਤ ਕੀਤਾ ਹੈ। 'ਰਾਜਨੀਤਕ ਆਰਥਿਕਤਾ ਦੀ ਸਮੀਖਿਆ ਦਾ ਯੋਗਦਾਨ' ਵਿੱਚ ਮਾਰਕਸ ਨੇ ਪਰ ਉਸਾਰ ਦੀ ਵਿਲੱਖਣਾ ਬਾਰੇ ਸੰਕੇਤ ਕਰਦਿਆਂ ਲਿਖਿਆ ਹੈ ਕਿ ਸਮਾਜ ਦੇ ਇਕ ਅਰਥਚਾਰੇ ਤੋਂ ਦੂਜੇ ਵਿੱਚ ਰੂਪਾਂਤਰਣ ਬਾਰੇ ਵਿਚਾਰ ਕਰਨ ਵੇਲੇ 'ਉਤਪਾਦਨ ਦੀਆਂ ਆਰਥਿਕ ਸਥਿਤੀਆਂ ਦੇ ਪਦਾਰਥਕ ਰੂਪਾਂਤਰਣ' ਅਤੇ ਕਾਨੂੰਨੀ, ਰਾਜਨੀਤਕ, ਧਾਰਮਿਕ, ਸੁਹਜ ਸ਼ਾਸ਼ਤਰੀ ਜਾਂ ਫਲਸਫੇ ਸੰਬੰਧੀ ਵਿਚਾਰਧਾਰਕ ਰੂਪਾਂ ਵਿਚ ਅੰਤਰ ਕਰਨਾ ਚਾਹੀਦਾ ਹੈ। ਬੋਰਗਿਅਸ ਦੇ ਨਾਂ ਆਪਣੇ ਇਕ ਖ਼ਤ ਵਿਚ ਏਂਗਲੰਜ਼ ਲਿਖਦੇ ਹਨ : 'ਰਾਜਨੀਤਕ, ਕਾਨੂੰਨ ਸੰਬੰਧੀ, ਫਲਸਫੇ ਸੰਬੰਧੀ, ਧਾਰਮਿਕ, ਸਾਹਿਤਕ, ਕਲਾਤਮਕ ਆਦਿ ਵਿਕਾਸ ਆਰਥਿਕ ਵਿਕਾਸ ਤੇ ਅਧਾਰਤ ਹਨ। ਪਰ ਇਹ ਇਕ ਦੂਜੇ ਨੂੰ ਅਤੇ ਨਾਲ ਹੀ ਆਰਥਿਕ ਆਧਾਰ ਨੂੰ ਪ੍ਰਭਾਵਿਤ ਕਰਦੇ ਹਨ।' ਭਾਵੇਂ ਏਂਗਲਜ ਪਰਉਸਾਰ ਤੇ ਆਧਾਰ ਵਿੱਚ ਅੰਤਰ ਕਰਦੇ ਦਸਦੇ ਹਨ ਕਿ ਇਹ ਆਧਾਰ ਨੂੰ ਤੇ ਆਪਣੇ ਆਪ ਨੂੰ ਪ੍ਰਭਾਵਿਤ ਕਰਦੇ ਹਨ, ਪਰ ਫੇਰ ਵੀ ਉਹਨਾਂ ਦੇ ਇਸ ਕਥਨ ਵਿਚ ਦਿਸ਼ਾਚਿਤਤਾਵਾਦੀ ਤੱਥ ਵੇਖੇ ਜਾ ਸਕਦੇ ਹਨ।

ਸਾਹਿਤ ਦਾ ਸਮਾਜਕ ਯਥਾਰਥ ਨਾਲ ਰਿਸ਼ਤਾ ਸਿਧਾ ਨਹੀਂ ਹੈ। ਪਰ ਦੂਜੇ ਪਾਸੇ ਸਾਹਿਤ ਖ਼ੁਦਮੁਖਤਾਰ ਤੇ ਆਪਣੇ ਆਪ ਵਿਚ ਸੰਪੂਰਨ ਸੰਸਾਰ ਵੀ ਨਹੀਂ ਹੈ। ਜਿਥੇ ਕਈ ਰਚਨਾਵਾਂ ਵਿਚ ਸਮਾਜਿਕ ਯਥਾਰਥ ਨੂੰ ਸਹਿਜੇ ਹੀ ਵੇਖਿਆਂ ਜਾ ਸਕਦਾ ਹੈ ਤੇ ਦੂਜੇ ਪਾਸੇ ਕਈ ਰਚਨਾਵਾਂ ਵਿਚਲਾ ਸਮਾਜਿਕ ਯਥਾਰਥ ਗੁੰਝਲਦਾਰ ਤੇ ਲੁਕਵੇਂ ਰੂਪ ਵਿਚ ਹੁੰਦਾ ਹੈ। ਇਹ ਗੱਲ ਇਸ ਤੱਥ ਵੱਲ ਸੰਕੇਤ ਕਰਦੀ ਹੈ ਕਿ ਸਮਾਜਿਕ ਯਥਾਰਥ ਨਾਲ ਸਾਹਿਤ ਦਾ ਰਿਸ਼ਤਾ ਅਤਿ ਗੁੰਝਲਦਾਰ ਹੁੰਦਾ ਹੈ। ਇਕੋ ਹੀ ਸਮੇਂ ਤੇ ਥਾਂ 'ਤੇ ਲਿਖੀਆਂ ਅੱਡ ਅੱਡ ਭਾਸ਼ਾਵਾਂ ਦੀਆਂ ਰਚਨਾਵਾਂ ਵਿਚ ਅੰਤਰ ਹੁੰਦਾ ਹੈ। ਇਸੇ ਤਰ੍ਹਾਂ ਇਕੋ ਭਾਸ਼ਾ ਵਿਚ ਅੱਡ ਅੱਡ ਵਿਚਾਰਧਾਰਾ ਦੀਆਂ ਰਚਨਾਵਾਂ ਵਿਚ ਅੰਤਰ ਹੈ। ਇਹ ਦੋਹਵੇਂ ਗੱਲਾਂ ਇਸ ਗੱਲ ਵਲ ਸੰਕੇਤ ਕਰਦੀਆਂ ਹਨ ਕਿ ਜਿਥੇ ਸਾਹਿਤ ਦੀ ਆਪਣੀ ਹੋਂਦ ਤੇ

ਇਤਿਹਾਸ ਹੈ ਉਥੇ ਇਹ ਨਿਰਪੇਖ ਨਹੀਂ ਹੈ। ਇਸ ਦਾ ਦੂਜੇ ਵਿਚਾਰਧਾਰਕ ਰੂਪਾਂ (ਪਰਉਸਾਰ ਦੇ ਵਖਰੇ ਵਖਰੇ ਰੂਪਾਂ) ਨਾਲ ਸੰਬੰਧ ਵੀ ਹੈ। ਇਹ ਰਿਸ਼ਤਾ ਵਿਰੋਧ ਵਿਕਾਸੀ ਹੈ ਇਹੀ ਕਾਰਣ ਹੈ ਕਿ ਸਾਹਿਤ ਨੂੰ ਰਾਜਨੀਤਕ ਕਰਮ ਦਾ ਬਦਲ ਸਮਝਣਾ ਗਲਤ ਹੈ।

ਇਥੇ ਇਸ ਗੱਲ ਦਾ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਸਾਹਿਤ ਦਾਂ ਬਾਕੀ ਵਿਚਾਰਧਾਰਕ ਰੂਪਾਂ ਵਿਚ ਕੀ ਅੰਤਰ ਹੈ ? ਜਿਵੇਂ ਕਿ ਉੱਪਰ ਦਸਿਆ ਗਿਆ ਹੈ ਕਿ ਪਰਉਸਾਰੀ ਦੇ ਵੱਖ-ਵੱਖ ਰੂਪਾਂ ਦਾ ਸੰਬੰਧ ਸਾਪੇਖਕ-ਖੁਦਮੁਖਤਾਰੀ ਦਾ ਹੈ। ਜਿਥੇ ਉਹ ਇਕ ਦੂਸਰੇ ਨਾਲ ਸੰਬੰਧਤ ਹਨ, ਉਥੇ ਉਹਨਾਂ ਦੀ ਵਖਰੀ ਹੋਂਦ ਵੀ ਹੈ। ਇਹਨਾਂ ਸਾਰੇ ਵਖਰੇ ਰੂਪਾਂ ਦਾ ਸਮਾਜਿਕ ਯਥਾਰਥ ਨੂੰ ਗ੍ਰਹਿਣ ਕਰਨ ਤੇ ਪ੍ਰਗਟਾਉਣ ਦਾ ਢੰਗ ਵੀ ਵਖਰਾ ਹੋਵੇਗਾ। ਜਿਥੇ ਵਿਚਾਰਧਾਰਾ ਸਮਾਜਿਕ ਯਥਾਰਥ ਨੂੰ ਆਪਣੇ ਸੰਕਲਪਾਤਮਕ ਦ੍ਰਿਸ਼ਟੀ ਤੋਂ ਗ੍ਰਹਿਣ ਕਰਦਾ ਤੇ ਪ੍ਰਗਟਾਉਂਦਾ ਹੈ, ਉਥੇ ਸਾਹਿਤ ਆਪਣੇ ਵਖਰੇ ਮਾਧਿਅਸਥਾਂ ਰਾਹੀਂ ਸਮਾਜਿਕ ਯਥਾਰਥ ਨੂੰ ਆਪਣੇ ਰੂਪ ਵਿਚ ਬਦਲ ਦੇਂਦਾ ਹੈ। ਇਹੀ ਕਾਰਣ ਹੈ ਕਿ ਹਰ ਸਾਹਿਤਕ ਕਿਰਤ ਦੀ ਸਾਹਿਤਕਤਾ ਤੇ ਅਸਹਿਤਕਤਾ ਦਾ ਮਸਲਾ ਵੀ ਜ਼ਰੂਰੀ ਅਤੇ ਅਹਿਮ ਹੈ। ooo

• ਇਹ ਸਾਰੀ ਚਰਚਾ ਮਗਰੋਂ ਅਸੀਂ ਇਸ ਸਥਿਤੀ ਵਿਚ ਹਾਂ ਕਿ ਉਸ ਪ੍ਰਸ਼ਨ ਦਾ ਉਤਰ ਦਿਤਾ ਜਾ ਸਕੇ ਜੋ ਆਰੰਭ ਵਿਚ ਉਠਾਇਆ ਗਿਆ ਸੀ। ਸਮਾਜਿਕ ਯਥਾਰਥ ਨਿਰਪੇਖ ਸੱਚ ਨਹੀਂ ਹੈ ਜਿਵੇਂ ਕਿ ਕਈ ਵੇਰ ਸਮਝ ਲਿਆ ਜਾਂਦਾ ਹੈ। ਇਹ ਗਲਤ ਧਾਰਨਾ ਕਰਕੇ 'ਸਮਾਜਵਾਦੀ ਯਥਾਰਥਵਾਦ' ਦੇ ਪੈਰੋਕਾਰਾਂ ਨੇ ਆਪਣੇ ਯਥਾਰਥ ਨੂੰ ਇਮਾਨਦਾਰੀ ਨਾਲ ਪ੍ਰਗਟਾਉਣ ਲਈ ਕਿਹਾ ਕਿਉਂਕਿ ਉਹਨਾਂ ਦਾ ਵਿਚਾਰ ਸੀ ਕਿ ਇਹ ਆਪਣੇ ਆਪ ਵਿਰੋਧ ਵਿਕਾਸੀ ਹੈ। ਸਮਾਜਿਕ ਯਥਾਰਥ ਦੇ ਸਾਪੇਖਕ ਹੋਣ ਕਰਕੇ ਇਸ ਵਿਚ ਵਿਚਾਰਧਾਰਾ ਦਾ ਅਹਿਮ ਰੋਲ ਬਣ ਜਾਂਦਾ ਹੈ। ਪ੍ਰਗਤੀਵਾਦੀ ਸਾਹਿਤਕਾਰ ਨੂੰ ਚਾਹੀਦਾ ਹੈ ਕਿ ਉਹ ਮਾਰਕਸਵਾਦੀ ਵਿਚਾਰਧਾਰਾ ਨਾਲ ਸਮਾਜਿਕ ਯਥਾਰਥ ਨੂੰ ਸਮਝੇ ਅਤੇ ਇਸ ਸਮਾਜਿਕ ਯਥਾਰਥ ਦੇ ਸਾਹਿਤ ਰੂਪਾਂਤਰਣ ਵੇਲੇ ਵੀ ਉਹ ਨੂੰ ਇਸ ਗਲ ਦਾ ਧਿਆਨ ਰਖਣ ਦੀ ਲੋੜ ਹੈ ਕਿ ਜਿਥੇ ਸਾਹਿਤਕ ਰੂਪਾਂਤਰਣ ਦਾ ਆਪਣਾ ਢੰਗ ਹੈ, ਉਥੇ ਉਸਦਾ ਪ੍ਰਗਟਾਇਆ ਯਥਾਰਥ ਵਿਕਰਿਤ ਤਾਂ ਨਹੀਂ ਹੁੰਦਾ। ਇਸ ਪਹਿਲਾਂ ਹੀ ਨਹੀਂ ਦਸਿਆ ਜਾ ਸਕਦਾ ਕੀ ਪ੍ਰਗਤੀਵਾਦੀ ਸਾਹਿਤ ਤੇ ਉਸਦਾ ਰੂਪ ਕਿਹੋ ਜਿਹਾ ਹੋਵੇਗਾ। ਉਪਰੋਕਤ ਗਲਾਂ ਦੀ ਰੌਸ਼ਨੀ ਵਿੱਚ ਪ੍ਰਗਤੀਵਾਦੀ ਇਸ ਪ੍ਰਕ੍ਰਿਆ ਨੂੰ ਜਾਰੀ ਰੱਖਦਾ ਹੈ ਅਤੇ ਸਾਹਿਤ ਦੇ ਰੂਪ ਨੂੰ ਸਿਰਜਣ ਲਈ ਮਹਤਵਪੂਰਨ ਭੂਮਿਕਾ ਨਿਭਾਉਂਦਾ ਹੈ।

[ਇਹ ਪਰਚਾ 5 ਸਤੰਬਰ 1982 ਨੂੰ ਰਾਮਪੁਰ ਫੂਲ ਵਿਖੇ ਕ੍ਰਾਂਤੀਕਾਰੀ ਸਾਹਿਤ ਸਭਾ, ਪੰਜਾਬ ਦੀ ਗੋਸ਼ਟੀ ਤੇ ਪੜ੍ਹਿਆ ਜਾਣਾ ਹੈ। ਇਸ ਬਾਰੇ ਬਹਿਸ ਸ਼ੁਰੂ ਕਰਨ ਲਈ 'ਸਮਤਾ' ਵਲੋਂ ਸਾਰਿਆਂ ਨੂੰ ਖੁੱਲਾ ਸੱਦਾ ਹੈ।]

oo

---

(ਸਫਾ 34 ਦੀ ਬਾਕੀ)

ਬਿਆਨ ਆਏ, ਉਹਦਾ ਲੋਕ ਇਕ ਫੀ ਸਦੀ ਵੀ ਇਤਬਾਰ ਨਹੀਂ ਕਰਦੇ। ਇਹੋ ਜਿਹਾ ਗ਼ਦਰ ਮਚਿਆ ਹੋਇਆਂ ਹੈ ਕਿ ਹਵਾਈ ਜਹਾਜ਼ ਹਾਈ ਜੈਕ ਕਰਨ ਵਾਲੀ ਖਬਰ, ਮੁੱਖ ਮੰਤਰੀ ਦੀ ਛਾਤੀ ਤੇ ਬੰਬ ਵਜਨ ਵਾਲੀ ਖਬਰ, ਹੁਣ ਰੋਜ਼ ਦੀਆਂ ਸਾਧਾਰਨ ਖਬਰਾਂ ਬਣ ਗਈਆਂ ਹਨ। ਕੋਈ ਘਟਨਾ ਕਿਥੋਂ ਦੀ ਹੋਵੇ, ਉਹਦੇ ਨਾਲ ਦਰਬਾਰਾ ਸਿੰਘ 'ਰਹਿ ਚੁੱਕੇ ਨੱਕਸਲੀ' ਦਾ ਨਾਂ ਜੋੜਨਾ ਜ਼ਰੂਰੀ ਸਮਝਦਾ ਹੈ। ਇਹ ਨਕਸਲੀ ਫੋਬੀਆ ਦਾ ਹੀ ਅਸਰ ਹੈ ਕਿ ਰਾਹੋਂ ਦੇ ਬੰਬ ਕੇਸ ਦਾ ਕਥਿਤ ਮੁਲਜ਼ਮ ਗੁਰਮੀਤ ਸਿੰਘ ਜਦੋਂ ਬੰਗਾ ਦੇ ਨੇੜੇ ਪੁਲਸ ਦੇ ਹਥੋਂ ਮਾਰਿਆ ਜਾਂਦਾ ਹੈ ਤਾਂ ਦਰਬਾਰਾ ਸਿੰਘ ਦੇ ਕਹਿਣ ਅਨੁਸਾਰ (ਇੰਡੀਅਨ ਐਕਸਪ੍ਰੈਸ 24 ਅਗਸਤ) ਉਹ 'ਰਹਿ ਚੁਕਿਆ ਨਕਸਲੀ ਸੀ। ਪਰ ਫੇਰ ਉਤੇ ਉਤੇ ਕਹੀ ਉਹਨੂੰ ਆਪਣੀ ਗਲ ਹੀ ਯਾਦ ਨਹੀਂ ਰਹੀ ਲਗਦੀ, ਅਗੋਂ ਕਹਿੰਦਾ ਹੈ ਕਿ ਪੁਲਸ ਵਾਲਿਆਂ ਨੇ ਤਫਤੀਸ਼ ਕੀਤੀ ਹੈ ਕਿ ਗੁਰਮੀਤ ਸਿੰਘ ਨਿੱਕੀ ਉਮਰ ਵਿਚ ਹੀ ਸੰਤ ਕਰਤਾਰ ਸਿੰਘ ਭਿੰਡਰਾਂ ਵਾਲੇ ਦੇ ਅਸਰ ਥਲੇ ਚਲਾ ਗਿਆ ਸੀ। ਕਿਥੇ 'ਰਹਿ ਚੁਕਿਆ ਨਕਸਲੀ' ਤੇ ਕਿਥੇ 'ਨਿਕੀ ਉਮਰ ਵਿਚ ਹੀ ਸੰਤ ਭਿੰਡਰਾ ਵਾਲੇ ਦਾ ਚੇਲਾ'। ਇਹ ਸਭ ਝੂਠ ਤੇ ਬੇਹੂਦਗੀ ਸਰਕਾਰ ਵਲੋਂ ਚਲ ਰਹੀ ਹੈ ਤੇ ਜਦੋਂ ਸਚ ਸਿਰੇ ਤੋਂ ਹੀ ਗ਼ਾਇਬ ਹੋ ਜਾਏ, ਗ਼ਦਰ ਜਿਹਾ ਮੱਚ ਜਾਏ ਤਾਂ ਇਹ ਬੰਬ ਬੰਦੂਕਾਂ ਦੀ ਖੇਡ ਰੋਜ਼ ਦੀ ਖੇਡ ਬਣ ਜਾਂਦੀ ਹੈ। ਭਿੰਡਰਾਂ ਵਾਲਿਆਂ ਦੇ ਬੰਦਿਆਂ ਨੂੰ ਪੁਲਸ ਨੇ ਮਾਰੀ ਜਾਣਾ ਹੈ ਤੇ ਸਰਕਾਰੀ ਬੰਦਿਆਂ ਨੂੰ ਭਿੰਡਰਾਂ ਵਾਲਿਆਂ ਦੇ ਬੰਦਿਆਂ ਨੇ। ਗੁਰੂ ਗੋਬਿੰਦ ਸਿੰਘ ਦੇ ਬਚਿਆਂ ਦੇ ਕਾਤਲ ਵਜ਼ੀਰ ਖਾਨ ਨੂੰ ਬੰਦੇ ਬਹਾਦਰ ਨੇ ਮਾਰਿਆ ਸੀ। ਕੁਲਵੰਤ ਸਿੰਘ, ਗੁਰਮੀਤ ਸਿੰਘ ਆਦਿਕ ਅਣਗਿਣਤੇ ਨੌਜਵਾਨ ਜਿਹੜੇ ਰੋਜ਼ ਪੁਲਸ ਦੇ ਹਥੋਂ ਮਾਰੇ ਜਾ ਰਹੇ ਹਨ,

ਆਖਿਰ ਉਹਨਾਂ ਦੇ ਵ ਰਿਸ ਵੀ ਕੋਈ 'ਹਨ ਹੀ । ਇਸ ਸਾਰੀ ਖੇਡ 'ਵਿਚ ਕਿਸੇ ਵੀ ਵਿਯਕਤੀ ਦੇ ਜਾਨੋਮਾਲ ਦੀ ਕੋਈ ਗਰੰਟੀ ਨਹੀਂ 'ਤੇ ਉਹ ਵਿਯਕਤੀ ਭਾਵੇਂ ਕੁਲਵੰਤ ਸਿੰਘ ਹੋਏ, ਭਾਵੇਂ ਦਰਬਾਰਾ ਸਿੰਘ। ਇਕੋ ਹੀ ਗਲ ਹੈ, ਕੋਟੀ ਕਾਨੂੰਨ ਦੀ ਨਿਗਾਹ ਵਿਚ ਦੋਸ਼ੀ ਹੈ ਤੇ ਕੋਈ ਲੋਕਾਂ ਦੀ ਨਿਗਾਹ ਵਿਚ ਦੋਸ਼ੀ ਹੈ। ਪ੍ਰਧਾਨ ਮੰਤਰੀ ਜੇ ਦਰਬਾਰਾ ਸਿੰਘ ਦਾ ਸੁੱਖ ਸੁਨਿਹਾ ਪੁੱਛਦੀ ਹੈ ਤਾਂ ਉਹਨਾਂ ਮਾਪਿਆਂ ਦਾ ਸੁੱਖ ਸੁਨਿਹਾ ਪੁਛਣਾ ਉਹਦੇ ਲਈ ਬਣਦਾ ਹੈ ਜਿਹਨਾਂ ਦੇ ਜਵਾਨ ਪੁੱਤਰ ਇਸੇ ਦਰਬਾਰਾ ਸਿੰਘ ਦੀ ਪੁਲਸ ਹਥੋਂ ਮਾਰੇ ਜਾ ਰਹੇ ਹਨ। ਸਵਾਲ ਫੇਰ ਉੱਠਦਾ ਹੈ ਕਿ ਇਸ ਸਾਰੀ ਖੇਡ ਵਿਚ ਉੱਜੜ ਕੌਣ ਰਿਹਾ ਹੈ ? ਜਵਾਬ ਇਕੋ ਹੈ—ਪੰਜਾਬ ਤੇ ਪੰਜਾਬ ਦੇ ਸਾਧਾਰਨ ਲੋਕ—। ਲੋਕ ਰਾਏ ਦਾ ਇਕੋ ਇਕ ਨੁਕਤੇ ਤੇ ਲਾਮਬੰਦ ਹੋਣਾ ਜ਼ਰੂਰੀ ਹੈ।

## 2. ਮੁਖਤਿਆਰ ਸਿੰਘ ਦਾ ਕਹਾਣੀ ਸੰਗ੍ਰਿਹ 'ਲੁੱਕ ਵਿਚ ਫਸੇ ਪੈਰ'

ਆਰਥਕਤਾ ਤੇ ਆਧਾਰਤ ਟੁੱਟਦੇ ਭੱਜਦੇ ਰਿਸ਼ਤਿਆਂ ਦੇ ਇਸ ਦੌਰ ਵਿਚ ਜਦੋਂ ਜ਼ਿੰਦਗੀ ਦੀਆਂ ਸਾਰੀਆਂ ਸਥਾਪਤ ਕਦਰਾਂ ਕੀਮਤਾਂ ਤਹਿਸ਼ਨਹਿਸ਼ ਹੋ ਰਹੀਆਂ ਹਨ, ਸਾਧਾਰਨ ਬੰਦਾ ਇਸ ਤਰ੍ਹਾਂ ਮਹਿਸੂਸ ਕਰ ਰਿਹਾ ਹੈ ਕਿ ਉਹ ਨਾ ਖਲੋਣ ਜੋਗਾ ਹੈ ਅਤੇ ਨਾ ਤੁਰਨ ਜੋਗਾ ਹੈ। ਉਸਦੀ ਦਸ਼ਾ ਉਸ ਮਨੁੱਖ ਵਾਂਗ ਹੈ, ਜਿਸਦੇ ਪੈਰ ਲੁੱਕ ਵਿਚ ਫਸੇ ਹੋਏ ਹਨ, ਇਸ ਮਨੁੱਖ ਦੀ ਕਹਾਣੀ ਜਿਹੜੀ ਅੱਜ ਦੇ ਯੁੱਗ ਦੀ ਕਹਾਣੀ ਹੋ ਕੇ ਨਿਬੜਦੀ ਹੈ ਮੁਖਤਿਆਰ ਸਿੰਘ ਦੇ ਕਹਾਣੀ ਸੰਗ੍ਰਿਹ ਦੀ ਹਰ ਇਕ ਕਹਾਣੀ ਵਿਚੋਂ ਮਿਲਦੀ ਹੈ। ਮੁਖਤਿਆਰ ਸਿੰਘ ਦਾ ਇਹ ਪਹਿਲਾ ਪ੍ਰਕਾਸ਼ਤ ਕਹਾਣੀ ਸੰਗ੍ਰਿਹ ਹੈ। ਇਸ ਤੋਂ ਪਹਿਲਾਂ ਸਮੇਂ ਸਮੇਂ ਕੁਝ ਕਹਾਣੀਆਂ ਵੱਖ ਵੱਖ ਮੈਗਜ਼ੀਨਾਂ ਵਿਚ ਛੱਪ ਚੁਕੀਆਂ ਹਨ, ਸਮਤਾ ਦੇ ਸ਼ੁਰੂ ਦੇ ਅੰਕਾ ਵਿਚ ਮੁਖਤਿਆਰ ਸਿੰਘ ਦੀ ਕਹਾਣੀ 'ਨੀਂਹ' ਜਦੋਂ ਛੱਪੀ ਸੀ ਤਾਂ ਬਹੁਤ ਸਾਰੇ ਪਾਠਕਾਂ ਵਲੋਂ ਆਈਆਂ ਚਿਠੀਆਂ ਨੇ ਇਸ ਨਵੇਂ ਕਹਾਣੀਕਾਰ ਦੀ ਪੰਜਾਬੀ ਸਾਹਿਤ ਵਿਚ ਆਮਦ ਨੂੰ ਜੀ ਆਇਆਂ ਆਖਿਆ ਸੀ। ਸਮਤਾ ਦੇ ਪਾਠਕ੍ਹਾਂ ਦੇ ਵਿਚਾਰਾਂ ਦੀ ਪ੍ਰੋੜਤਾ ਉਸ ਵੇਲੇ ਵੀ ਹੋਈ ਜਦੋਂ ਐਸ. ਸਵਰਨ ਦੀ ਸੰਪਾਦਨ ਹੇਠ ਛਪ ਰਹੇ ਸਾਲਾਨਾ ਮੈਗਜ਼ੀਨ 'ਵੰਨਗੀ' ਲਈ, ਜਿਸ ਵਿਚ 1980-81 ਦੀਆਂ ਮੈਗਜ਼ੀਨਾਂ ਵਿਚ ਛਪੀਆਂ ਹੋਈਆਂ ਚੋਣਵੀਆਂ ਰਚਨਾਵਾਂ ਨੂੰ ਇਕ ਥਾਂ ਇਕੱਠਾ ਕੀਤਾ ਗਿਆ ਹੈ, ਇਸ ਕਹਾਣੀ ਨੂੰ ਸ਼ਾਮਿਲ ਕੀਤਾ ਗਿਆ ਹੈ, ਮੁਖਤਿਆਰ ਸਿੰਘ ਪਿੰਡ ਦਾ ਜੰਮਪਲ ਹੈ ਅਤੇ ਸ਼ਹਿਰ ਵਿਚ ਨੌਕਰੀ ਕਰਦਾ ਹੈ। ਇਸਦਾ ਇਹ ਪਛੋਕੜ ਜਮਾਂ ਜ਼ਿੰਦਗੀ ਦੇ ਅਮਲ ਵੇਖਣ ਦੀ ਤਿੱਖੀ ਤੇ ਵਿਸ਼ਲੇਸ਼ਣਾਤਮਕ ਅੱਖ ਉਹਦੀਆਂ ਕਹਾਣੀਆਂ ਨੂੰ ਠੋਸ ਨੀਹਾਂ ਪ੍ਰਦਾਨ ਕਰਦੀ ਹੈ। ਜ਼ਿੰਦਗੀ ਦਾ ਵੱਡਾ ਦੁਖਾਂਤ ਉਸ ਵੇਲੇ ਹੁੰਦਾ ਹੈ, ਜਦੋਂ ਉਸਨੂੰ ਚੰਗੇਰੀ ਦੁਨੀਆ ਦੀ ਹੋਣੀ ਦੀ ਸੰਭਾਵਨਾ ਸਾਹਮਣੇ ਸਪੱਸ਼ਟ ਦਿਸਦੀ ਹੋਵੇ, ਪਰ ਉਹ ਉਹਦੀ ਪਕੜ ਤੋਂ ਬਾਹਰ ਹੋ ਜਾਵੇ ਤੇ ਉਹ ਉਹਦੀ ਲਾਲਸਾ ਵਿਚ ਹੌਲੇ ਹੌਲੇ ਖੁਰ ਜਾਏ। ਇਸਦਾ ਪ੍ਰਗਟਾਵਾ 'ਤੀਜਾ ਪਹਿਰ', ਖੂਹ ਦੀ ਮੌਣ, ਚੀਸ, ਦੋ ਖਣ ਦੋ ਸਿਆੜ, ਤੇ 'ਚਾਬੀਆਂ ਦਾ ਗੁੱਛਾ' ਵਿਚ ਬਹੁਤ ਹੀ ਕਲਾਤਮਕ ਤਰੀਕੇ ਨਾਲ ਕੀਤਾ ਗਿਆ ਹੈ। ਇਥੇ ਇਹ ਲਾਲਸਾ ਅਧਿਆਤਮਕਤਾ ਅਨੁਸਾਰ ਨਿਖੇਧਾਤਮਕ ਰੂਪ ਵਿਚ ਨਹੀਂ ਪੇਸ਼ ਕੀਤੀ ਗਈ ਸਗੋਂ ਇਹ ਲਾਲਸਾ ਜ਼ਿੰਦਗੀ ਦੇ ਸੰਘਰਸ਼ ਦਾ ਪ੍ਰਤੀਕਮਈ ਪ੍ਰਗਟਾਵਾ ਹੈ। ਇਹ ਸਾਰੀਆਂ ਕਹਾਣੀਆਂ ਪਿੰਡ ਦੇ ਪਿਛੋਕੜ ਦੀਆਂ ਹਨ। ਸੋਹਣੀ ਜ਼ਿੰਦਗੀ ਦੀ ਲਾਲਸਾ ਇਕ ਅਚੇਤ ਜਹੀ ਚਾਹ ਹੈ। ਪਾਤਰਾ ਕੋਲ ਨਾਂ ਕੋਈ ਵਿਸ਼ਵਾਸ਼ ਹੈ ਅਤੇ ਨਾਂ ਹੀ ਕੋਈ ਸਾਧਨ ਹੈ, ਜੋ ਇਸ ਚਾਹ ਦੀ ਪੂਰਤੀ ਕਰਵਾ ਸਕੇ, ਇਸ ਹਕੀਕਤ ਦਾ ਪ੍ਰਗਟਾਵਾ ਆਪਣੇ ਆਪ ਕੁਝ ਕਰਨ ਲਈ ਪ੍ਰੇਰਨਾ ਦੇਂਦਾ ਹੈ। ਅਗਲੀਆਂ ਤਿੰਨ ਕਹਾਣੀਆਂ 'ਪਲੇਦਾਰ', 'ਕੰਧ' ਤੇ 'ਨੀਂਹ' ਵਿਚ ਮਨੁੱਖ ਦਵੰਦ ਦਾ ਸ਼ਿਕਾਰ ਹੈ। ਪਲੇਦਾਰ ਵਿਚ ਉਹ ਪੁਰਾਣੇ ਸੰਸਕਾਰਾਂ ਤੋਂ ਮੁੱਕਤ ਨਹੀਂ ਹੋ ਸਕਦਾ ਤੇ ਮੁੱਕਤ ਹੋਇਆਂ ਬਿਨਾਂ ਉਹ ਕਦਮ ਅਗੇ ਵੱਧ ਨਹੀਂ ਸਕਦਾ। ਕੰਧ ਫੋਕੀ ਸ਼ਾਨ ਦੀ ਸ਼ਕਲ ਵਿਚ ਮਨੁੱਖ ਦੀ ਤਰੱਕੀ ਦੇ ਦਰਮਿਆਨ ਖੜੀ ਹੈ। ਨੀਂਹ ਉਸ ਸੱਚ ਤੇ ਚੋਟ ਹੈ, ਜਿਹੜਾ ਹੋਰਨਾਂ ਨੂੰ ਨੀਂਹ ਦੇਣ ਦਾ ਕਰਤੱਵ ਕਰ ਰਿਹਾ ਹੈ, ਪਰ ਜਿਸਦੀ ਆਪਣੀ ਕੋਈ ਨੀਂਹ ਨਹੀਂ। ਉਤਲੀਆਂ ਕਹਾਣੀਆਂ ਦੇ ਦਵੰਦ ਦਾ ਆਧਾਰ 'ਲੁੱਕ ਵਿਚ ਫੱਸੇ ਪੈਰ' ਵਿਚ ਲੇਖਕ ਸਪੱਸ਼ਟ ਦਸਦਾ ਹੈ। ਸਾਡੀ ਸੋਸਾਇਟੀ ਵਿਚ ਇਹ ਆਧਾਰ ਦਰਮਿਆਨੇ ਤੱਬਕੇ ਦੀ ਕੱਲਰਕ ਸ਼ਰੇਣੀ ਵਿਚ ਸਾਰਿਆਂ ਨਾਲੋਂ ਉਘੜਵਾਂ ਹੈ। ਉੱਚੇ ਤੱਬਕੇ ਦੀ ਐਸੋ ਇਸ਼ਰਤ ਦੀ ਜ਼ਿੰਦਗੀ ਉਹਨਾਂ ਦੇ ਸਾਹਮਣੇ ਹੈ ਅਤੇ ਇਹ ਵੀ ਉਹਨਾਂ ਦੇ ਸਾਹਮਣੇ ਹੈ ਕਿ ਜਿਹੜੇ ਇਹ ਅਯਾਸ਼ੀ ਕਰ ਰਹੇ ਹਨ, ਉਹ ਕਿਸੇ ਹਾਲਤ ਵਿਚ ਵੀ ਨਾਂ ਉਹਨਾਂ ਕੋਲੋਂ ਬਹੁਤੇ ਪੜ੍ਹੇ ਹੋਏ ਹਨ ਅਤੇ ਨਾਂ ਹੀ ਕਿਸੇ ਵਿਸ਼ੇਸ਼ ਗੁਣ ਦੇ ਮਾਲਕ ਹਨ। ਸਗੋਂ 'ਦਾਅ' ਹੀ ਵਜਿਆ ਹੋਇਆ ਹੈ। ਇਸ ਦਾਅ ਦੀ ਲਾਲਸਾ ਉਹਨਾਂ ਵਿਚ ਵੀ ਹੈ। ਦਾਅ ਵਜਦਾ ਨਹੀਂ। ਤਸੱਲੀ ਆਂਦੀ ਨਹੀਂ, ਭਟਕਣਾ ਵਧਦੀ ਹੈ, ਤੜੱਪ ਵੱਧਦੀ ਹੈ। ਇਸ ਕਰਕੇ ਸਥਿਤੀ ਲੁੱਕ ਵਿਚ ਫਸੇ ਹੋਏ ਕਤੂਰੇ ਵਾਂਗ ਹੈ। ਇਹ ਕਹਾਣੀ ਵਿਸ਼ਵ ਸਾਹਿਤ ਦੀਆਂ ਚੋਣਵੀਆਂ ਲਿਖਤਾਂ ਵਿਚ ਸ਼ਾਮਿਲ ਕੀਤੀ ਜਾ ਸਕਦੀ ਹੈ। ਬਚਿਆਂ ਵਲੋਂ ਕਿਸੇ

Post Office No. P/AR—33
Registred With Registrar News Paper Vide No.MA/12397-D dated 14-8-80

ਬਜ਼ੁਰਗ ਦੀ ਅਰਥੀ ਤੋਂ ਲਾਹੇ ਗਏ ਭੁਕਾਨਿਆਂ ਦੀ ਕਹਾਣੀ ਇਸ ਸੰਗ੍ਰਹਿ ਦੀ ਆਖਰੀ ਕਹਾਣੀ ਹੈ। ਗੈਸ ਭਰੇ ਭੁਕਾਨੇ ਜੋ ਇਕ ਵਾਰੀ ਹੱਥ ਵਿਚੋਂ ਨਿਕਲਦੇ ਹਨ, ਹਵਾ ਵਿਚ ਗਾਇਬ ਹੋ ਜਾਂਦੇ ਹਨ, ਕਈ ਪਰਤਾਂ ਤੇ ਜ਼ਿੰਦਗੀ ਦੇ ਯਥਾਰਥ ਨੂੰ ਅਰਥ ਪ੍ਰਦਾਨ ਕਰਦੀ ਇਹ ਕਹਾਣੀ ਮੁਖਤਿਆਰ ਸਿੰਘ ਦੀ ਵਿਸ਼ੇਸ਼ ਪ੍ਰਾਪਤੀ ਹੈ।

ਇਹ ਕਹਾਣੀਆਂ ਪੜਦੇ ਹੋਏ ਮੇਰੀ ਇਕ ਚਾਹ ਜ਼ਰੂਰ ਬਣੀ ਕਿ ਮੁਖਤਿਆਰ ਸਿੰਘ ਇਕ ਐਸੀ ਕਹਾਣੀ ਵੀ ਲਿਖੇ ਜਿਥੇ ਮਨੁੱਖ ਦੇ ਪੈਰ ਲੁੱਕ ਵਿਚ ਫਸੇ ਕਤੂਰੇ ਵਾਂਗ ਮਜਬੂਰੀ ਦੀ ਹਾਲਤ ਵਿਚ ਨਾਂ ਰਹਿਣ, ਸਗੋਂ ਹੰਭਲਾ ਮਾਰਕੇ ਇਸ ਲੁੱਕ ਤੋਂ ਆਪਣੇ ਆਪ ਨੂੰ ਅਜ਼ਾਦ ਕਰਨ, ਜੇ 'ਲੁੱਕ ਵਿਚ ਫਸੇ ਪੈਰ' ਜ਼ਿੰਦਗੀ ਦਾ ਇਕ ਯਥਾਰਥ ਹੈ ਤਾਂ ਉਹ ਹੰਭਲਾ ਵੀ ਜ਼ਿੰਦਗੀ ਦੇ ਯਥਾਰਥ ਤੋਂ ਬਾਹਰ ਦੀ ਗਲ ਨਹੀਂ, ਦਿਸ਼ਾ ਪ੍ਰਦਾਨਤਾ ਭਾਵੇਂ ਉਹ ਸੰਕੇਤਮਈ ਢੰਗ ਨਾਲ ਹੋਵੇ, ਆਪਣੇ ਆਪ ਵਿਚ ਚੰਗੇ ਸਾਹਿਤ ਦਾ ਗੁਣ ਆਖਿਆ ਜਾ ਸਕਦਾ ਹੈ।

ਬਲਰਾਜ ਸਾਹਣੀ ਯਾਦਗਾਰ ਪ੍ਰਕਾਸ਼ਨ ਵਲੋਂ 3/- ਦੀ ਕੀਮਤ ਵਿਚ ਇਹ ਪੇਪਰਬੈਕ ਸੰਗ੍ਰਿਹ ਛਾਪਣ ਵਿਚ ਮੈਂ ਖੁਸ਼ੀ ਤੇ ਮਾਨ ਮਹਿਸੂਸ ਕੀਤਾ ਹੈ। ਇਸਦਾ ਸਾਦਾ ਜਿਹਾ ਟਾਈਟਲ, ਜਿਹੜਾ ਸਬਿੰਦਰਜੀਤ ਸਾਗਰ ਨੇ ਡੀਜ਼ਾਇਨ ਕੀਤਾ ਹੈ, ਇਸ ਵਧੀਆ ਕਿਤਾਬ ਦੀ ਦਿੱਖ ਅਤੇ ਸੋਹਜ ਵਿਚ ਹੋਰ ਵੀ ਵਾਧਾ ਕਰਦਾ ਹੈ।

## 3. 'ਜੈਕਾਰਾ' ਦਾ ਜਬਰ ਜਿਨਾਹ ਦੇ ਮਸਲੇ ਤੇ ਪੈਂਫਲਿਟ

ਪਰਚਾਰ ਲਈ ਅਤੇ ਲੋਕ ਚੇਤਨਤਾ ਨੂੰ ਪਰਚੰਡ ਕਰਨ ਵਾਸਤੇ ਪੈਂਫਲਿਟਰਿੰਗ ਇਕ ਜ਼ਬਰਦਸਤ ਹਥਿਆਰ ਹੈ, ਰੂਸ ਦੇ ਇਨਕਲਾਬ ਵੇਲੇ ਗੁਪਤ ਪ੍ਰੈਸਾਂ ਤੇ ਪੈਂਫਲਿਟ ਛਾਪਣੇ ਅਤੇ ਫੇਰ ਉਹਨਾਂ ਨੂੰ ਲੋਕਾਂ ਵਿਚ ਲਿਜਾਣਾ ਪਾਰਟੀ ਦੇ ਵਡੇ ਕੰਮਾਂ ਵਿਚੋਂ ਇਕ ਕੰਮ ਸੀ। ਗੋਰਕੀ ਦੇ ਨਾਵਲ 'ਮਾਂ' ਵਿਚ ਇਕ ਥਾਂ ਜ਼ਿਕਰ ਆਂਦਾ ਹੈ ਕਿ ਕੁਝ ਵਿਸ਼ੇਸ਼ ਪੈਂਫਲਿਟ ਇਕ ਥਾਂ ਤੋਂ ਦੂਜੀ ਥਾਂ ਪੁਚਾਣੇ ਸਨ, ਪੁਲਸ ਦਾ ਕਰੜਾ ਪਹਿਰਾ ਸੀ। ਇਕ ਕਾਮਰੇਡ ਕੁੜੀ ਨੇ ਉਹ ਪੈਂਫਲਿਟ ਆਪਣੇ ਫਰਾਕ ਕੋਟ ਦੇ ਥਲੇ ਇਸ ਤਰ੍ਹਾਂ ਬੰਨੇ ਕਿ ਉਹ ਇਕ ਗਰਭਵਤੀ ਔਰਤ ਦਾ ਰੂਪ ਲਗੇ। ਉਹ ਧੀਮੀ ਚਾਲ ਚਲਦੀ, ਥਾਂ ਥਾਂ ਤੇ ਸਾਹ ਲੈਂਦੀ ਤੇ ਪਹਿਰੇ ਤੇ ਖਲੋਤੇ ਪੁਲਸ ਦੇ ਸਿਪਾਹੀ ਦੇ ਹੀ ਮੋਢਿਆਂ ਦਾ ਸਹਾਰਾ ਲੈਂਦੀ ਪੁਲਿਸ ਪਹਿਰਾ ਪਾਰ ਕਰ ਗਈ ਸੀ। ਆਪਣੀ ਮੰਜ਼ਿਲ ਤੇ ਪੁਜਣ ਤੋਂ ਬਾਅਦ ਉਸ ਸ਼ਾਨਾਮਤੀ ਕੁੜੀ ਨੇ ਆਖਿਆ ਸੀ ਕਿ ਉਹਦੀ ਗਰਭ ਵਿਚ ਪੈਂਫਲਿਟਾਂ ਦੀ ਸ਼ਕਲ ਵਿਚ ਜਿਹੜਾ ਬੱਚਾ ਹੈ, ਉਹ ਆਉਣ ਵਾਲਾ ਇਨਕਲਾਬ ਹੈ। ਹੁਣੇ ਹੁਣੇ ਅਦਾਰਾ 'ਜੈਕਾਰਾ' ਵਲੋਂ ਛਪਿਆ ਪੈਂਫਲਿਟ 'ਜਬਰ ਜਿਨਾਹ ਦਾ ਮਸਲਾ' ਵੀ ਇਹੋ ਜਿਹਾ ਪ੍ਰਭਾਵ ਦੇਂਦਾ ਹੈ। ਹਿੰਦੋਸਤਾਨ ਵਿਚ ਹੋਈਆਂ ਜਬਰ ਜਿਨਾਹ ਜਾਂ ਬਲਾਤਕਾਰੀ ਦੀਆਂ ਘਟਨਾਵਾਂ ਦਾ ਇਕ ਖਾਕਾ ਖਿਚਦਾ ਹੋਇਆ ਇਹ ਪੈਂਫਲਿਟ ਜਬਰ ਜਿਨਾਹ ਬਾਰੇ ਹਿੰਦੋਸਤਾਨੀ ਕਾਨੂੰਨ ਦੇ ਖੋਖਲੇਪਣ ਉਤੇ ਪੂਰੇ ਵਿਸਥਾਰ ਨਾਲ ਚਾਨਣ ਪਾਉਂਦਾ ਹੈ ਅਤੇ ਇਸ ਕਾਨੂੰਨ ਦੇ ਪਖੰਡ ਨੂੰ ਨਸ਼ਰ ਕਰਦਾ ਹੈ, ਜੋ ਬੁਨਿਆਦੀ ਤੋਰ ਤੇ ਮਰਦ ਪ੍ਰਧਾਨ ਸਮਾਜ ਦੀ ਦੇਣ ਹੈ। ਫੇਰ ਇਸ ਦਾ ਹਲ ਕੀ ਹੈ ? ਪੈਂਫਲਿਟ ਦੇ ਅਖੀਰਲੇ ਸਫ਼ੇ ਤੇ ਇਹਦਾ ਸਾਰ ਚਿਤਾ ਹੈ—ਪੂਰਨ ਰੂਪ ਵਿਚ ਬਲਾਤਕਾਰ ਤੇ ਗੁੰਡਾਗਰਦੀ ਦਾ ਖਾਤਮਾ ਤਾਂ ਹੀ ਹੋ ਸਕਦਾ ਜੇ ਉਹ ਸਮਾਜ ਉਸਾਰਿਆ ਜਾਵੇ ਜਿਥੇ ਔਰਤ ਤੇ ਮਰਦ ਦੋਵੇਂ ਬਰਾਬਰ ਹੋਣਗੇ ਤੇ ਸਰੀਰਕ ਲੁੱਟ ਸਮੇਤ ਹਰ ਕਿਸਮ ਦੀ ਲੁੱਟ ਖੁਸੁੱਟ ਦਾ ਖਾਤਮਾ ਹੋਵੇਗਾ—ਇਸ ਪੈਂਫਲਿਟ ਵਿਚ ਔਰਤ ਦੀ ਆਜ਼ਾਦੀ ਬਾਰੇ ਉਹ ਪਹੁੰਚ ਹੈ ਜਿਹੜੀ ਬੁਰਜੂਆ ਪਹੁੰਚ ਤੋਂ ਬਿਲਕੁਲ ਵਖਰੀ ਹੈ।ਉਹ ਪਹੁੰਚ ਬੁਨਿਆਦੀ ਤੌਰ ਤੇ ਔਰਤ ਵਾਸਤੇ ਰਹੁ-ਰੀਤਾਂ ਤੋਂ ਬਗਾਵਤ ਅਤੇ ਮਰਦ ਨਫਰਤ ਤਕ ਮਹਿਦੂਦ ਹੈ। ਪਰ ਸਹੀ ਪਹੁੰਚ ਆਜ਼ਾਦ ਔਰਤ ਦੀ ਨਹੀਂ, ਮੁਕਤ ਔਰਤ ਦੀ ਹੈ। ਜਿਸ ਵਿਚ ਔਰਤ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਵਿਚ ਸ਼ਾਮਿਲ ਹੋਵੇਗੀ। ਇਹ ਪੈਂਫਲਿਟ ਸਮੇਂ ਦੀ ਲੋੜ ਹੈ।

oo

## ਕਰਾਂਤੀਕਾਰੀ ਸਾਹਿਤ ਸਭਾ ਪੰਜਾਬ ਦੀ ਬਠਿੰਡਾ ਇਕਾਈ ਵਲੋਂ 5 ਸਤੰਬਰ 82 ਨੂੰ ਗੋਸ਼ਟੀ ਅਤੇ ਡਰਾਮੇ

ਕਰਾਂਤੀਕਾਰੀ ਸਾਹਿਤ ਸਭਾ ਬਠਿੰਡਾ 5 ਸਤੰਬਰ 82, ਦਿਨ ਐਤਵਾਰ ਨੂੰ 10 ਵਜੇ ਤੋਂ ਲੈ ਕੇ ਸ਼ਾਮ ਦੇ 6 ਵਜੇ ਤੀਕ, ਸੰਬਿੰਦਰਜੀਤ ਸਾਗਰ ਦੇ ਪਰਚੇ "ਸਾਹਿਤ ਦੀ ਅਲੋਚਨਾ ਵਿਧੀ ਬਾਰੇ" 'ਤੇ ਰਾਮਪੁਰਾ ਮੰਡੀ ਦੇ ਸੱਟਾ ਬਜ਼ਾਰ, ਨਜ਼ਦੀਕ ਰੁਜ਼ਗਾਰ ਦਫਤਰ, ਸਵਰਗਵਾਸੀ ਸੁਚੇਤ ਸਿੰਘ ਸੋਸ਼ਲ ਵਰਕਰ ਦੀ ਹਵੇਲੀ ਵਿਖੇ ਸਾਹਿਤਕ ਗੋਸ਼ਟੀ ਕਰਵਾ ਰਹੀ ਹੈ। ਬਹਿਸ ਦਾ ਅਰੰਭ ਜਸਵੰਤ ਸਿੰਘ ਕੰਵਲ ਕਰਨਗੇ। ਸਭਾ ਸਾਰੇ ਸਾਹਿਤਕਾਰਾਂ ਅਤੇ ਅਲੋਚਕਾਂ ਨੂੰ ਨਿਸ਼ਚਤ ਸਮੇਂ ਅਤੇ ਸਥਾਨ 'ਤੇ ਪਹੁੰਚਣ ਦਾ ਸੱਦਾ ਦਿੰਦੀ ਹੈ। ਸ਼ਾਮ ਨੂੰ ਸਭਾ ਵਲੋਂ ਪਿੰਡ ਮਹਿਰਾਜ ਵਿਖੇ ਸਭਿਆਚਾਰਕ ਪਰੋਗਰਾਮ ਕਰਵਾਇਆ ਜਾਵੇਗਾ।

—ਡਾ: ਸਾਧੂ ਸਿੰਘ ਸਕੱਤਰ ਕਰਾਂਤੀਕਾਰੀ ਸਾਹਿਤ ਸਭਾ ਬਠਿੰਡਾ